Library Copy

# ਸਰਕਾਰੀ ਕਾਲਜ ਲੜਕੀਆਂ, ਪਟਿਆਲਾ
# Govt. College For Girls, Patiala

NAAC ACCREDITED (Grade A)



## ਪ੍ਰਾਸਪੈਕਟਸ
## PROSPECTUS
2018-2019

Tel : +91 175-2213228 | Fax : +91 175-2222189
Email : gcwpatiala@gmail.com | website : www.gcgpatiala.com

# ਸਰਕਾਰੀ ਕਾਲਜ ਲੜਕੀਆਂ, ਪਟਿਆਲਾ

## ਦ੍ਰਿਸ਼ਟੀਕੋਣ

ਵੱਧ ਤੋਂ ਵੱਧ ਲੜਕੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਤਾਂ ਜੋ ਉਨ੍ਹਾਂ ਦਾ ਮਾਨਸਿਕ ਵਿਕਾਸ ਹੋਵੇ ਅਤੇ ਉਹ ਉੱਚੇ ਆਚਰਣ ਦੀਆਂ ਮਾਲਕ ਬਣਨ ਅਤੇ ਸਵੈ-ਨਿਰਭਰ ਹੋ ਸਕਣ।

## *Vision*

To Impart quality education to greater number of girls in order to build their character, strengthen their minds and make them self-reliant.

## ਉਦੇਸ਼

ਸਮਾਜ ਦੇ ਸਾਰੇ ਵਰਗਾਂ, ਖਾਸ ਕਰਕੇ ਪੇਂਡੂ ਅਤੇ ਪਛੜੇ ਵਰਗਾਂ ਦੀਆਂ ਲੜਕੀਆਂ ਨੂੰ ਸਿੱਖਿਅਤ ਅਤੇ ਸਸ਼ਕਤ ਕਰਨਾ।

ਲੜਕੀਆਂ ਨੂੰ ਮਿਆਰੀ ਵਿੱਦਿਆ ਪ੍ਰਦਾਨ ਕਰਨਾ, ਜ਼ਿੰਦਗੀ ਅਤੇ ਸਮਾਜ ਪ੍ਰਤੀ ਉਸਾਰੂ ਰਵੱਈਆ ਅਪਨਾਉਣ ਲਈ ਪ੍ਰੇਰਿਤ ਕਰਨਾ

ਉਨ੍ਹਾਂ ਦੇ ਮਾਨਸਿਕ ਗਿਆਨ ਵਿੱਚ ਵਾਧਾ ਕਰਨਾ ਅਤੇ ਉਨ੍ਹਾਂ ਨੂੰ ਕਿੱਤਾ ਮੁੱਖੀ ਬਣਾਉਣਾ।

ਉਨ੍ਹਾਂ ਦੇ ਵਿਅਕਤਿਤਵ ਨੂੰ ਇਸ ਤਰ੍ਹਾਂ ਨਿਖਾਰਨਾ ਤਾਂ ਜੋ ਉਹ ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਣ।

## *Mission*

To enrich and empower girls from all sections of society particularly from the weaker sections and rural areas

To Impart quality education and to develop healthy positive outlook among girls towards life and society.

To widen their mental horizon, to equip them professionally and make them career oriented.

To chisel their personalities to face the rough and tumble of life.



15 ਅਗਸਤ, 2017 ਨੂੰ ਮਾਣਯੋਗ ਗਵਰਨਰ ਸ਼੍ਰੀ ਵੀ.ਪੀ. ਸਿੰਘ ਬਦਨੌਰ ਤੋਂ ਪ੍ਰਿੰਸੀਪਲ ਡਾ. ਚਿਰੰਜੀਵ ਕੌਰ ਜੀ ਟਰਾਫੀ ਪ੍ਰਾਪਤ ਕਰਦੇ ਹੋਏ।



ਕਾਲਜ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਕਾਲਜ ਮੈਗਜ਼ੀਨ 'ਜੋਤਿ' ਰਿਲੀਜ਼ ਕਰਦਿਆਂ ਮਾਣਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ।



# ਸੁਨੇਹਾ

Not for Sale

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਅਜਿਹੀ ਸਿਰਮੌਰ ਵਿਦਿਅਕ ਸੰਸਥਾ ਹੈ ਜਿਸ ਨੇ ਆਪਣੇ ਸਾਢੇ ਸੱਤ ਦਹਾਕਿਆਂ ਦੇ ਸਫ਼ਰ ਵਿੱਚ ਵਿਦਿਆ ਦੇ ਖੇਤਰ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਅਮੀਰ ਪਰੰਪਰਾ ਅਤੇ ਗੌਰਵਮਈ ਭਵਿੱਖ ਦੀ ਰਹਿਨੁਮਾਈ ਕਰਦੀ ਇਸ ਸੰਸਥਾ ਤੋਂ ਗਿਆਨ ਰੂਪੀ ਮੋਤੀ ਚੁਣ ਕੇ ਲੱਖਾਂ ਵਿਦਿਆਰਥਣਾਂ ਨੇ ਆਪਣਾ ਭਵਿੱਖ ਹੀ ਨਹੀਂ ਰੁਸ਼ਨਾਇਆ ਬਲਕਿ ਸਮੁੱਚੇ ਸਮਾਜਿਕ ਵਾਤਾਵਰਣ ਨੂੰ ਨਵੀਂ ਸੇਧ ਵੀ ਪ੍ਰਦਾਨ ਕੀਤੀ ਹੈ। NAAC ਵੱਲੋਂ 'A' ਗ੍ਰੇਡ ਨਾਲ ਪੁਨਰ ਅਲੰਕ੍ਰਿਤ ਹੋਈ ਇਹ ਸੰਸਥਾ ਹਰ ਖੇਤਰ ਵਿੱਚ ਲੜਕੀਆਂ ਦੀਆਂ ਰੁਚੀਆਂ ਨੂੰ ਮੌਲਣ ਅਤੇ ਵਿਗਸਣ ਦੇ ਸਾਰੇ ਅਵਸਰ ਪ੍ਰਦਾਨ ਕਰਦੀ ਹੈ।

ਵਿਦਿਆਰਥਣਾਂ ਦੀ ਵਿਸ਼ਵ-ਪੱਧਰ ਦੇ ਮੁਕਾਬਲਿਆਂ ਵਿੱਚ ਸਫ਼ਲਤਾ ਨਿਸ਼ਚਿਤ ਕਰਨ ਲਈ ਕਾਲਜ ਵਿੱਚ ਬੀ.ਏ., ਬੀ.ਐਸ.ਸੀ, (ਮੈਡੀਕਲ, ਨਾਨ-ਮੈਡੀਕਲ, (ਕੰਪਿਊਟਰ ਸਾਇੰਸ) ਅਤੇ ਹੋਮ ਸਾਇੰਸ) ਤੋਂ ਇਲਾਵਾ ਐਮ.ਏ (ਫਾਈਨਆਰਟਸ, ਸੰਗੀਤ ਗਾਇਨ, ਡਾਂਸ), ਐਮ.ਐਸ.ਸੀ (ਫੂਡ ਐਂਡ ਨਿਊਟ੍ਰੀਸ਼ਨ) ਦੇ ਕੋਰਸ ਸਫ਼ਲਤਾ ਪੂਰਵਕ ਚਲ ਰਹੇ ਹਨ। ਇਸ ਤੋਂ ਇਲਾਵਾ ਐਚ.ਈ.ਆਈ.ਐਸ ਵੱਲੋਂ ਸੈਲਫ ਫਾਇਨਾਂਸ ਸਕੀਮ ਅਧੀਨ ਬੀ.ਸੀ.ਏ., ਪੀ.ਜੀ.ਡੀ.ਸੀ.ਏ., ਬੀ.ਐਸ.ਸੀ. (ਬਾਇਓਟੈਕਨਾਲੋਜੀ ਆਨਰਜ਼) ਅਤੇ ਐਮ.ਐਸ.ਸੀ (ਆਈ.ਟੀ) ਦੇ ਕੋਰਸ ਵੀ ਉਪਲਬਧ ਹਨ। ਲੜਕੀਆਂ ਦੇ ਸਰਵ-ਪੱਖੀ ਵਿਕਾਸ ਲਈ ਕਾਲਜ ਵਿੱਚ ਕੈਰੀਅਰ ਗਾਈਡੈਂਸ, ਐਨ.ਸੀ.ਸੀ, ਐਨ.ਐਸ.ਐਸ., ਖੇਡਾਂ, ਰੈੱਡ ਕਰਾਸ, ਯੂਥ ਕਲੱਬ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਦਾ ਸੁਯੋਗ ਪ੍ਰਬੰਧ ਹੈ।

ਦੂਰ-ਦੁਰਾਡੇ ਇਲਾਕਿਆਂ ਤੋਂ ਸਿੱਖਿਆ ਪ੍ਰਾਪਤ ਕਰਨ ਦੀਆਂ ਚਾਹਵਾਨ ਵਿਦਿਆਰਥਣਾਂ ਲਈ ਸੁਖਾਵੇਂ, ਸਵੱਛ ਅਤੇ ਸੁਰੱਖਿਅਤ ਵਾਤਾਵਰਨ ਵਾਲੇ ਹੋਸਟਲ ਦਾ ਉੱਚਿਤ ਪ੍ਰਬੰਧ ਹੈ।

ਕਾਲਜ ਦਾ ਵਿਦਿਅਕ ਮਾਹੌਲ, ਪਰਿਪੱਕ ਅਧਿਆਪਕ-ਮੰਡਲ ਅਤੇ ਸੂਝਵਾਨ ਵਿਦਿਆਰਥਣਾਂ ਦੀ ਭਾਗੀਦਾਰੀ ਸਦਾ ਚੜ੍ਹਦੀਕਲਾ ਦਾ ਸੁਨੇਹਾ ਦਿੰਦੀ ਹੈ ਜੋ ਹੋਰ ਵਿਦਿਅਕ ਸੰਸਥਾਵਾਂ ਲਈ ਪ੍ਰੇਰਨਾਦਾਇਕ ਬਣਦਾ ਹੈ। ਇਹ ਕਾਲਜ ਹਰੇ-ਭਰੇ ਬਗੀਚਿਆਂ ਅਤੇ ਰੁੱਖਾਂ ਨਾਲ ਕੁਦਰਤੀ ਵਾਤਾਵਰਨ ਦੀ ਸੁੰਦਰਤਾ ਨੂੰ ਬਣਾਈ ਰੱਖਣ ਦੀ ਮਿਸਾਲ ਪੇਸ਼ ਕਰਦਾ ਹੈ। ਕਾਲਜ ਦੀ ਸਮੁੱਚੀ ਇਮਾਰਤ ਵਿੱਚ ਵਾਈ.ਫਾਈ. ਦੀ ਸੁਵਿਧਾ ਦੇ ਨਾਲ-ਨਾਲ ਆਧੁਨਿਕ ਸਿੱਖਿਆ ਲਈ ਕੰਪਿਊਟਰ ਲੈਬਜ਼ ਅਤੇ ਸਮਾਰਟ ਕਲਾਸ ਰੂਮ ਵੀ ਉਪਲੱਬਧ ਹਨ।

ਮੈਂ ਕਾਲਜ ਵਿੱਚ ਦਾਖ਼ਲ ਹੋਣ ਜਾ ਰਹੀਆਂ ਸਾਰੀਆਂ ਵਿੱਦਿਆਰਥਣਾਂ ਨੂੰ ਉਹਨਾਂ ਦੇ ਉਜਵਲ ਭਵਿੱਖ ਲਈ ਸ਼ੁੱਭ ਇਛਾਵਾਂ ਦਿੰਦੀ ਹਾਂ ਅਤੇ ਆਸ ਕਰਦੀ ਹਾਂ ਕਿ ਉਹ ਇਸ ਮਹਾਨ ਸੰਸਥਾ ਦਾ ਗੌਰਵ ਸਦਾ ਕਾਇਮ ਰੱਖਣਗੀਆਂ।

**ਡਾ. ਚਿਰੰਜੀਵ ਕੌਰ**
(ਪ੍ਰਿੰਸੀਪਲ)

# ਸਰਕਾਰੀ ਕਾਲਜ ਲੜਕੀਆਂ, ਪਟਿਆਲਾ

## 75ਵੀਂ ਵਰ੍ਹੇਗੰਢ : ਕੁਝ ਸੰਦਲੀਆਂ ਪੈੜਾਂ




ਕਾਲਜ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਕਾਲਜ ਮੈਗਜ਼ੀਨ 'ਜੋਤਿ' ਰਿਲੀਜ਼ ਕਰਦਿਆਂ ਮਾਣਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ।




ਕਾਲਜ ਦੀ 75ਵੀਂ ਵਰ੍ਹੇਗੰਢ ਦੇ ਮੌਕੇ ਤੇ ਮਾਣਯੋਗ ਮਹਾਰਾਣੀ ਪਰਨੀਤ ਕੌਰ ਜੀ ਕਾਲਜ ਕੈਲੰਡਰ ਰੀਲਿਜ਼ ਕਰਦਿਆਂ, ਨਾਲ ਖਲੋਤੇ ਹਨ ਸ਼੍ਰੀ ਕੇ.ਕੇ. ਸ਼ਰਮਾ ਜੀ।

# ਵਿਸ਼ਾ ਸੂਚੀ

Not for Sale


| ਲੜੀ ਨੰ: | ਵਿਸ਼ਾ | ਪੰਨਾ ਨੰ: |
|---|---|---|
| 1. | ਜਾਣ-ਪਛਾਣ | 2 |
| 2. | ਕਾਲਜ ਸਟਾਫ਼ | 3-4 |
| 3. | ਲਾਇਬ੍ਰੇਰੀ ਸਟਾਫ਼, ਦਫ਼ਤਰੀ, ਪ੍ਰਯੋਗਸ਼ਾਲਾ ਅਤੇ ਦਰਜਾ ਚਾਰ ਅਮਲਾ | 5 |
| 4. | ਅਧਿਐਨ ਲਈ ਉਪਲਬੱਧ ਕੋਰਸ | 6 |
| 5. | ਦਾਖ਼ਲੇ ਸੰਬੰਧੀ ਜਾਣਕਾਰੀ | 7 |
| 6. | ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ/ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖ਼ਲੇ ਸੰਬੰਧੀ ਵਿਸ਼ੇਸ਼ ਹਦਾਇਤਾਂ, ਪਾਤਰਤਾ ਸਰਟੀਫਿਕੇਟ (Eligibility Certificate) ਮਾਈਗਰੇਸ਼ਨ ਸਰਟੀਫਿਕੇਟ (Migration Certificate) ਮੁੱਢਲਾ ਗਿਆਨ (ਪੰਜਾਬੀ ਲਾਜ਼ਮੀ) (Mudhla Gyan in lieu ot Punjabi Compulsory) | 8 |
| 7. | ਪੰਜਾਬੀ ਯੂਨੀਵਰਸਿਟੀ ਵੱਲੋਂ ਜਾਰੀ ਵਿਸ਼ੇਸ਼ ਹਦਾਇਤਾਂ | 9 |
| 8. | ਗੈਪ ਕੇਸ (Gap Case) ਸੰਬੰਧੀ, ਸੀਟਾਂ ਦਾ ਰਾਖਵਾਂਕਰਣ | 9 |
| 9. | ਦਾਖ਼ਲਾ ਫਾਰਮ ਭਰਦੇ ਸਮੇਂ ਧਿਆਨ ਦੇਣ ਯੋਗ ਹਦਾਇਤਾਂ | 10 |
| 10. | ਦਾਖ਼ਲੇ ਸਮੇਂ ਲੋੜੀਂਦੇ ਦਸਤਾਵੇਜ਼ | 10 |
| 11. | ਵਿਸ਼ਾ ਜੁੱਟ : ਐਮ.ਏ, ਐਮ.ਐਸ.ਸੀ., ਬੀ.ਐਸ.ਸੀ (ਮੈਡੀਕਲ), ਬੀ.ਐਸ.ਸੀ (ਨਾਨ ਮੈਡੀਕਲ) ਬੀ.ਐਸ.ਸੀ ਹੋਮ ਸਾਇੰਸ ਤੇ ਬੀ.ਏ. | 11-12 |
| 12. | ਵਿਸ਼ਾ ਬਦਲੀ ਸੰਬੰਧੀ ਸੂਚਨਾ, ਜ਼ਰੂਰੀ ਨੋਟ | 13 |
| 13. | ਰੈਗੂਲਰ ਕੋਰਸਾਂ : 2018-19 ਲਈ ਫ਼ੀਸ ਦਾ ਵੇਰਵਾ | 14 |
| 14. | HEIS ਵੱਲੋਂ ਉਪਲਬੱਧ ਕੋਰਸ (ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐਮ.ਐਸ.ਸੀ (ਆਈ.ਟੀ) ਰੈਗੂਲਰ ਅਤੇ ਲੇਟਰਲ ਅਤੇ ਬੀ.ਐਸ.ਸੀ., ਬਾਇਓਟੈਕਨੋਲਜੀ ਆਨਰਜ਼ ਅਤੇ ਫ਼ੀਸਾਂ ਦਾ ਵੇਰਵਾ | 16 |
| 15. | ਫ਼ੀਸ ਅਦਾਇਗੀ ਦੇ ਨਿਯਮ, ਫ਼ੀਸ ਰੀਫੰਡ ਕਰਨ ਸੰਬੰਧੀ, ਫ਼ੀਸ ਮਾਫ਼ੀ | 16 |
| 16. | ਛੁੱਟੀ ਬਾਰੇ ਸੂਚਨਾ, ਕਾਲਜ ਛੱਡਣ ਸੰਬੰਧੀ ਨਿਯਮ, ਕਾਲਜ ਲਾਇਬ੍ਰੇਰੀ | 17 |
| 17. | ਸ਼ਨਾਖਤੀ/ਲਾਇਬ੍ਰੇਰੀ ਕਾਰਡ, ਸਕਿਓਰਿਟੀ ਰੀਫੰਡ ਕਰਨ ਸੰਬੰਧੀ ਨਿਯਮ | 18 |
| 18. | ਸਮੈਸਟਰ ਸਿਸਟਮ ਸੰਬੰਧੀ ਜਾਣਕਾਰੀ : ਕਲਾਸਾਂ, ਅੰਦਰੂਨੀ ਮੁਲਾਂਕਣ, ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਲਈ ਪਾਤਰਤਾ | 18 |
| 19. | ਵਿਦਿਆਰਥੀਆਂ ਲਈ ਵਜ਼ੀਫੇ | 19 |
| 20. | ਟਿਊਟੋਰੀਅਲ ਸਿਸਟਮ, ਈ-ਆਫਸ, Virtual Class Room, Smart Class Rooms & WiFi | 19-20 |
| 21. | ਕਾਲਜ ਸਰਗਰਮੀਆਂ | 20 |
| 22. | ਕਾਲਜ ਕਮੇਟੀਆਂ | |
| 23. | ਰਾਸ਼ਟਰੀ ਕੈਡਿਟ ਕੋਰ, ਰਾਸ਼ਟਰੀ ਸੇਵਾ ਯੋਜਨਾ, ਰੈੱਡ ਕਰਾਸ ਬ੍ਰਿਗੇਡਜ਼, ਖੇਡਾਂ | 21 |
| 24. | ਕਾਲਜ ਮੈਗਜ਼ੀਨ, ਬੱਸ ਪਾਸ, ਕਾਲਜ ਡਿਸਪੈਂਸਰੀ | 21 |
| 25. | ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ | 22-24 |
| 26. | ਜਾਅਲੀ ਯੂਨੀਵਰਸਿਟੀਆਂ ਦੀ ਸੂਚੀ | 25 |
| 27. | ਕਾਲਜ ਕੈਂਪਸ ਵਿੱਚ ਵਿਦਿਆਰਥੀਆਂ ਲਈ ਧਿਆਨ ਦੇਣ ਯੋਗ ਜ਼ਰੂਰੀ ਹਦਾਇਤਾਂ | 26 |
| 28. | ਹੋਸਟਲ ਵਿੱਚ ਦਾਖਲੇ ਸੰਬੰਧੀ ਜ਼ਰੂਰੀ ਨਿਯਮ | 27-28 |
| 29. | ਦਾਖ਼ਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ, ਛੁੱਟੀਆਂ ਦਾ ਵੇਰਵਾ, ਵਿਸ਼ੇਸ਼ ਨੋਟ | 29 |
| 30. | ਦਾਖ਼ਲੇ ਦਾ ਪ੍ਰੋਗਰਾਮ | 30 |


**ਦਾਖ਼ਲਾ ਫ਼ਾਰਮ, ਵੋਟਰ ਫ਼ਾਰਮ, ਹੋਸਟਲ ਵਿੱਚ ਦਾਖਲੇ ਸੰਬੰਧੀ ਫਾਰਮ, ਐਂਟੀ-ਰੈਗਿੰਗ ਫ਼ਾਰਮ ਨਾਲ ਨੱਥੀ ਹੈ।**

**ਜ਼ਰੂਰੀ ਨੋਟ : ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਦਾਖ਼ਲਾ ਲੈਣ ਤੋਂ ਪਹਿਲਾਂ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹਨ ਅਤੇ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸ਼ਨ ਸੰਬੰਧੀ ਜਾਣਕਾਰੀ ਪ੍ਰਾਪਤ ਕਰ ਲੈਣ।**

# ਸਰਕਾਰੀ ਕਾਲਜ ਲੜਕੀਆਂ, ਪਟਿਆਲਾ
# GOVERNMENT COLLEGE FOR GIRLS, PATIALA

'ਸਤਿਅਮ ਸ਼ਿਵਮ ਸੁੰਦਰਮ' ਉਦੇਸ਼ ਦੀ ਸ੍ਰੇਸ਼ਠਤਾ ਨੂੰ ਸਾਰਥਕ ਕਰਦਾ ਸਰਕਾਰੀ ਕਾਲਜ ਲੜਕੀਆਂ, ਪਟਿਆਲਾ, ਅੱਜ ਤੋਂ ਪੌਣੀ ਸਦੀ ਪਹਿਲਾਂ ਜੂਨ 1942 ਵਿੱਚ ਸਥਾਪਿਤ ਹੋਇਆ।

ਮੁੱਢ ਵਿੱਚ ਵਿਕਟੋਰੀਆ ਇੰਟਰ ਗਰਲਜ਼ ਕਾਲਜ ਦੇ ਨਾਂ ਨਾਲ ਜਾਣੀ ਜਾਂਦੀ ਇਹ ਸੰਸਥਾ ਕੁੜੀਆਂ ਨੂੰ ਉਚੇਰੀ ਸਿੱਖਿਆ ਦੇਣ ਦੇ ਮੰਤਵ ਨਾਲ ਹੋਂਦ ਵਿੱਚ ਆਈ। ਇਹ ਕਾਲਜ ਸ਼ੁਰੂ ਵਿੱਚ ਵਿਕਟੋਰੀਆ ਗਰਲਜ਼ ਸਕੂਲ ਦਾ ਹੀ ਵਿਸਥਾਰ ਸੀ। ਇਸ ਕਾਲਜ ਦੀ ਵਾਗਡੋਰ ਵੀ 1942-1950 ਤੱਕ ਵਿਕਟੋਰੀਆਂ ਗਰਲਜ਼ ਸਕੂਲ ਦੀ ਮੁੱਖ ਅਧਿਆਪਕਾ ਮਿਸ ਲਲਿਤਾ ਸੇਨ ਦੇ ਕੁਸ਼ਲ ਹੱਥਾਂ ਵਿੱਚ ਸੀ। ਉਨ੍ਹਾਂ ਨੂੰ ਕਾਲਜ ਦੇ ਪਹਿਲੇ ਪ੍ਰਿੰਸੀਪਲ ਹੋਣ ਦਾ ਮਾਣ ਵੀ ਪ੍ਰਾਪਤ ਹੈ।

1950 ਵਿੱਚ ਪੈਪਸੂ ਸਰਕਾਰ ਵੱਲੋਂ ਇਸ ਕਾਲਜ ਦਾ ਦਰਜਾ ਇੰਟਰ ਕਾਲਜ ਤੋਂ ਵਧਾ ਕੇ ਡਿਗਰੀ ਕਾਲਜ ਕਰ ਦਿੱਤਾ ਗਿਆ ਅਤੇ ਇਸਦਾ ਨਾਂ ਸਰਕਾਰੀ ਕਾਲਜ ਇਸਤਰੀਆਂ (ਗੌਰਮਿੰਟ ਕਾਲਜ ਫਾਰ ਵਿਮੈਨ) ਕਰ ਦਿੱਤਾ ਗਿਆ। ਇਸ ਕਾਲਜ ਨੂੰ ਪੈਪਸੂ ਸਰਕਾਰ ਵੱਲੋਂ ਲੜਕੀਆਂ ਲਈ ਸਥਾਪਿਤ ਪਹਿਲਾ ਡਿਗਰੀ ਕਾਲਜ ਹੋਣ ਦਾ ਮਾਣ ਪ੍ਰਾਪਤ ਹੈ। 1951 ਤੱਕ ਇਸ ਕਾਲਜ ਦੀਆਂ ਕਲਾਸਾਂ ਡੇਹ ਵਾਲੀ ਕੋਠੀ, ਬਾਰਾਂਦਰੀ, ਪਟਿਆਲਾ ਵਿਖੇ ਲੱਗਣ ਲਗੀਆਂ। 1952 ਵਿੱਚ ਇਸ ਕਾਲਜ ਨੂੰ ਭੂਪਿੰਦਰਾ ਕੋਠੀ (ਮੌਜੂਦਾ ਸਮੇਂ ਵਿੱਚ ਸਰਕਾਰੀ ਕਾਲਜ ਲੜਕੀਆਂ ਦਾ ਇੱਕ ਹਿੱਸਾ) ਵਿੱਚ ਤਬਦੀਲ ਕਰ ਦਿੱਤਾ ਗਿਆ।

ਉਪਰੋਕਤ ਸਾਲਾਂ ਵਿੱਚ ਹੀ ਕਾਲਜ ਦੀ ਆਧੁਨਿਕ ਇਮਾਰਤ ਦਾ ਨਿਰਮਾਣ ਹੋਇਆ। ਮੌਖਿਕ ਇਤਿਹਾਸ ਦੱਸਦਾ ਹੈ ਕਿ ਸਮਾਜ ਵਿੱਚ ਕੁੜੀਆਂ ਦੇ ਮਹੱਤਵ ਦਾ ਸਤਿਕਾਰ ਕਰਦਿਆਂ ਇਸ ਕਾਲਜ ਦਾ ਨੀਂਹ ਪੱਥਰ ਕਾਲਜ ਦੀਆਂ ਪੰਜ ਵਿਦਿਆਰਥਣਾਂ ਦੇ ਹੱਥੋਂ ਰਖਵਾਇਆ ਗਿਆ।

ਇਸ ਕਾਲਜ ਦਾ ਮਾਣ ਮਤਾ ਇਤਿਹਾਸ ਇਸ ਗੱਲ ਦੀ ਵੀ ਸਾਖੀ ਭਰਦਾ ਹੈ ਕਿ ਇਸ ਦਾ ਰਸਮੀਂ ਨੀਂਹ ਪੱਥਰ ਭਾਰਤ ਦੇ ਦੂਜੇ ਰਾਸ਼ਟਰਪਤੀ ਸੁਪ੍ਰਸਿੱਧ ਵਿਦਵਾਨ ਅਤੇ ਸਿੱਖਿਆ ਸ਼ਾਸਤਰੀ ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਨੇ 17 ਜਨਵਰੀ 1954 ਨੂੰ ਆਪਣੇ ਕਰ ਕਮਲਾਂ ਨਾਲ ਰੱਖਿਆ।

23 ਮਾਰਚ, 1954 ਨੂੰ ਪਟਿਆਲਾ ਰਿਆਸਤ ਦੀ ਮਹਾਰਾਣੀ ਮਹਿੰਦਰ ਕੌਰ ਨੇ ਇਸ ਖ਼ੂਬਸੂਰਤ ਇਮਾਰਤ ਦਾ ਉਦਘਾਟਨ ਕੀਤਾ ਅਤੇ ਕੁੜੀਆਂ ਲਈ ਉੱਚ ਸਿੱਖਿਆ ਦਾ ਰਾਹ ਖੋਲਿਆ।

1992 ਵਿੱਚ ਕਾਲਜ ਦੇ ਗੋਲਡਨ ਜੁਬਲੀ ਸਮਾਰੋਹ (ਸਵਰਨ ਜੈਯੰਤੀ) ਦੇ ਮੌਕੇ ਤਤਕਾਲੀਨ ਮੁੱਖ ਮੰਤਰੀ ਸ. ਬੇਅੰਤ ਸਿੰਘ ਜੀ ਵੱਲੋਂ ਇਸ ਦਾ ਨਾਂ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਕਰਨ ਦੀ ਘੋਸ਼ਣਾ ਕੀਤੀ ਗਈ।

ਇੰਟਰ ਕਾਲਜ ਦੇ ਤੌਰ ਤੇ ਹੋਂਦ ਵਿੱਚ ਆਈ ਇਹ ਸੰਸਥਾ ਸਮੇਂ ਦੇ ਹਾਣ ਦਾ ਹੋਣ ਲਈ ਨਿਰੰਤਰ ਯਤਨਸ਼ੀਲ ਹੈ। ਇਸ ਸਮੇਂ ਇਸ ਕਾਲਜ ਵਿੱਚ ਬੀ.ਏ. (ਆਰਟਸ), ਬੀ.ਐਸ.ਸੀ. ਮੈਡੀਕਲ, ਬੀ.ਐਸ.ਸੀ. ਕੰਪਿਊਟਰ ਐਪਲੀਕੇਸ਼ਨ, ਬੀ.ਐਸ.ਸੀ. ਹੋਮ ਸਾਇੰਸ, ਤੋਂ ਇਲਾਵਾ ਪੋਸਟ ਗਰੈਜੂਏਟ ਪੱਧਰ ਤੇ ਐਮ.ਏ. ਫਾਈਨ ਆਰਟਸ, ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ (1981), ਐਮ.ਏ. ਡਾਂਸ (1987), ਐਮ.ਏ. ਮਿਊਜ਼ਿਕ ਵੋਕਲ ਕਲਾਸਾਂ ਵੀ ਸਫ਼ਲਤਾ ਪੂਰਵਕ ਚੱਲ ਰਹੀਆਂ ਹਨ। ਸਿੱਖਿਆ ਖੇਤਰ ਵਿੱਚ ਮੁਕਾਬਲੇ ਦੀ ਦੌੜ ਨੂੰ ਦੇਖਦਿਆਂ ਸੈਲਫ਼ ਫਾਇਨਾਂਸ ਸਕੀਮ ਤਹਿਤ 'HEIS' ਵਲੋਂ ਇਸ ਕਾਲਜ ਐਮ.ਐਸ.ਸੀ. ਆਈ.ਟੀ. (ਰੈਗੂਲਰ, ਲੇਟਰਲ), ਬੀ.ਐਸ.ਸੀ. ਬਾਇਓਟੈਕਨਾਲੌਜੀ, ਬੀ.ਸੀ.ਏ., ਪੀ.ਜੀ.ਡੀ.ਸੀ.ਏ. ਆਦਿ ਦੇ ਕੋਰਸ ਵੀ ਕਰਵਾਏ ਜਾ ਰਹੇ ਹਨ। ਕਾਲਜ ਵਿਖੇ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜ੍ਹਾਇਆ ਜਾਂਦਾ ਹੈ ਅਤੇ ਇਕਨਾਮਿਕਸ, ਰਾਜਨੀਤੀ ਸ਼ਾਸ਼ਤਰ, ਮਨੋਵਿਗਿਆਨ, ਹਿੰਦੀ ਅਤੇ ਸੰਸਕ੍ਰਿਤ ਵਿੱਚ ਆਨਰਜ਼ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ।

ਵਿਦਿਆਰਥਣਾਂ ਦੀ ਸਖਸ਼ੀਅਤ ਨੂੰ ਨਿਖਾਰਨ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ ਖੇਡਾਂ, ਸਹਿ ਵਿਦਿਅਕ ਸਰਗਰਮੀਆਂ (ਐਨ.ਐਸ.ਐਸ., Red Ribbon ਐਨ.ਸੀ.ਸੀ., ਰੈੱਡ ਕਰਾਸ) ਆਦਿ ਦਾ ਵੀ ਪ੍ਰਬੰਧ ਹੈ।

ਮਾਲਵੇ ਖਿੱਤੇ ਦਾ ਇਹ ਇੱਕੋ ਇੱਕ ਸਰਕਾਰੀ ਕਾਲਜ ਹੈ ਜਿੱਥੇ ਦੂਰ-ਦੁਰਾਡੇ ਪਿੰਡਾਂ, ਸ਼ਹਿਰਾਂ ਅਤੇ ਰਾਜਾਂ ਤੋਂ ਇੱਥੇ ਆ ਕੇ ਸਿੱਖਿਆ ਪ੍ਰਾਪਤ ਕਰਨ ਦੀਆਂ ਚਾਹਵਾਨ ਵਿਦਿਆਰਥਣਾਂ ਲਈ ਹੋਸਟਲ ਦਾ ਪ੍ਰਬੰਧ ਹੈ। ਇੱਥੇ ਵਿਦਿਆਰਥਣਾਂ ਨੂੰ ਰਹਿਣ ਅਤੇ ਪੜ੍ਹਨ ਲਈ ਸੁਖਾਵਾਂ, ਸਵੱਛ ਅਤੇ ਸੁਰੱਖਿਅਤ ਵਾਤਾਵਰਣ ਪ੍ਰਦਾਨ ਕੀਤਾ ਜਾਂਦਾ ਹੈ।

ਕਾਲਜ ਵਿਖੇ ਵਿਦਿਆਰਥਣਾਂ ਲਈ ਸ਼ਾਨਦਾਰ ਲਾਇਬ੍ਰੇਰੀ ਵੀ ਹੈ। ਵਿਦਿਆਰਥਣਾਂ ਦੇ ਬੋਧਿਕ ਵਿਕਾਸ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਬੇਸ਼ਕੀਮਤੀ ਪੁਸਤਕਾਂ ਤੇ ਮੈਗਜ਼ੀਨ ਉਪਲੱਬਧ ਹਨ।

ਭਾਰਤ ਸਰਕਾਰ ਵੱਲੋਂ 'ਡਿਜ਼ੀਟਲ ਇੰਡੀਆਂ' ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਚੁਣਿਆ ਗਿਆ ਇਹ ਪਹਿਲਾ ਕਾਲਜ ਹੈ। ਜਿਸ ਦੇ ਅਕਾਦਮਿਕ ਅਤੇ ਪ੍ਰਸ਼ਾਸ਼ਨਿਕ ਕੰਮਾਂ ਨੂੰ ਡਿਜ਼ੀਟਲਾਇਜ਼ ਕਰਨ ਲਈ ਈ-ਆਫਿਸ (e-office) ਸ਼ੁਰੂ ਕੀਤਾ ਗਿਆ ਹੈ। New Computer Block, New Canteen, New Garden, New Wi-Fi Campus, New Smart Classrooms, New Virtual Classrooms ਉਪਲਬੱਧ ਹਨ। ਨੈੱਕ ਵੱਲੋਂ 'Agrade' ਪ੍ਰਾਪਤ ਕਰਨ ਦਾ ਮਾਣ ਹਾਸਿਲ ਹੈ।

ਸਾਡਾ ਮਿਸ਼ਨ ਹੈ ਪੇਂਡੂ, ਕਮਜ਼ੋਰ ਅਤੇ ਪਿਛੜੇ ਵਰਗ ਦੀਆਂ ਕੁੜੀਆਂ ਨੂੰ ਪੜ੍ਹਾਈ ਲਈ ਸਿਹਤਮੰਦ ਵਾਤਾਵਰਨ ਪ੍ਰਦਾਨ ਕਰਨਾ ਤਾਂ ਜੋ ਉਹ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਹੋਣ ਅਤੇ ਜ਼ਿੰਦਗੀ ਵਿੱਚ ਬੁਲੰਦੀਆਂ ਨੂੰ ਛੂਹ ਸਕਣ।

ਇਸੇ ਭਾਵਨਾ ਤਹਿਤ ਇਹ ਸੰਸਥਾ ਪੌਣੀ ਸਦੀ ਤੋਂ ਕੁੜੀਆਂ ਦੀ ਉੱਚ ਸਿੱਖਿਆ ਨੂੰ ਸਮਰਪਿਤ ਹੈ। ਇਸ ਸੰਸਥਾ ਦੀ ਤੱਰਕੀ ਪਿੱਛੇ ਉਨ੍ਹਾਂ ਪ੍ਰਤੀਭਾਸ਼ਾਲੀ ਸਖ਼ਸ਼ੀਅਤਾਂ ਦਾ ਭਰਪੂਰ ਯੋਗਦਾਨ ਹੈ ਜਿਨ੍ਹਾਂ ਨੇ ਸਮੇਂ-ਸਮੇਂ ਤੇ ਇਸਦਾ ਕਾਰਜ ਭਾਰ ਸੰਭਾਲਿਆ ਅਤੇ ਆਪਣੀ ਅਣਥੱਕ ਮਿਹਨਤ, ਲਗਨ, ਸੂਝਬੂਝ ਅਤੇ ਨਿਸ਼ਕਾਮ ਸੇਵਾ ਨਾਲ ਇਸ ਸੰਸਥਾ ਨੂੰ ਅੱਜ ਦੇ ਸਥਾਨ ਤੇ ਪਹੁੰਚਾਇਆ।

**ਸਰਕਾਰੀ ਕਾਲਜ ਲੜਕੀਆਂ ਪਟਿਆਲਾ ਬੱਸ ਅਤੇ ਰੇਲਵੇ ਸਟੇਸ਼ਨ ਪਟਿਆਲਾ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।**

# ਕਾਲਜ ਸਟਾਫ਼ (College Staff)

**ਪ੍ਰਿੰਸੀਪਲ : ਡਾ. ਚਿਰੰਜੀਵ ਕੌਰ, ਪੀ.ਈ.ਐਸ.-1**

ਐਮ.ਐਸ.ਸੀ. ਆਨਰਜ਼ ਸਕੂਲ ਇਨ ਫਿਜ਼ਿਕਸ, ਬੀ.ਐੱਡ, ਐਮ.ਫਿਲ, ਪੀ.ਐਚ.ਡੀ.

## ਪ੍ਰਾਧਿਆਪਕ ਮੰਡਲ (Teaching Faculty)

**ਅੰਗ੍ਰੇਜ਼ੀ**

1. ਐਸੋ. ਪ੍ਰੋ. ਹਰਤੇਜ ਕੌਰ ਟਿਵਾਣਾ, ਐਮ.ਏ., ਐਮ.ਫਿਲ (ਮੁਖੀ)
2. ਅਸਿ. ਪ੍ਰੋ. ਪੰਕਜ ਕਪੂਰ, ਐਮ.ਏ.
3. ਅਸਿ. ਪ੍ਰੋ. ਸੋਨੀਆ, ਐਮ.ਏ., ਐਮ.ਫਿਲ
4. ਅਸਿ. ਪ੍ਰੋ. ਨੀਤਾ ਮੈਨਰੋ, ਐਮ.ਏ., ਐਮ.ਫਿਲ
5. ਅਸਿ. ਪ੍ਰੋ. ਹਰਪ੍ਰੀਤ ਕੌਰ, ਐਮ.ਏ., ਯੂ.ਜੀ.ਸੀ.ਨੈੱਟ
6. ਅਸਿ. ਪ੍ਰੋ. ਨਵਦੀਪ ਕਹੋਲ
7. ਰੀਤਿਕਾ ਅਗਨੀਹੋਤਰੀ, (ਗੈਸਟ ਫੈਕਲਟੀ) ਐਮ.ਏ.ਐਮ.ਫਿਲ
8. ਵਿੰਨਪ੍ਰੀਤ ਕੌਰ, (ਗੈਸਟ ਫੈਕਲਟੀ) ਐਮ.ਏ., ਨੈੱਟ
9. ਖਾਲੀ
10. ਖਾਲੀ
11. ਖਾਲੀ

**ਪੰਜਾਬੀ**

1. ਐਸੋ. ਪ੍ਰੋ. ਕਵਲਜੀਤ ਕੌਰ, ਐਮ.ਏ., (ਪੰਜਾਬੀ ਆਨਰਜ਼, ਹਿੰਦੀ) ਐਮ.ਫਿਲ. (ਮੁਖੀ)
2. ਐਸੋ. ਪ੍ਰੋ. ਕੰਵਲਜੀਤ ਕੌਰ, ਐਮ.ਏ., ਐਮ.ਫਿਲ
3. ਅਰੁਨਦੀਪ, ਕੌਰ (ਪਾਰਟ ਟਾਈਮ), ਐਮ.ਏ. (ਪੰਜਾਬੀ, ਹਿੰਦੀ, ਅੰਗਰੇਜ਼ੀ), ਐਮ.ਫਿਲ, ਬੀ.ਐੱਡ
4. ਡਾ. ਅਮਨਦੀਪ ਕੌਰ (ਪਾਰਟ ਟਾਈਮ), ਐਮ.ਏ., ਪੀ.ਐਚ.ਡੀ, ਐਮ.ਏ. (ਭਾਸ਼ਾ ਵਿਗਿਆਨ), ਬੀ.ਐੱਡ, ਨੈੱਟ
5. ਨਰਿੰਦਰ ਪਾਲ ਕੌਰ, (ਗੈਸਟ ਫੈਕਲਟੀ) ਐਮ.ਏ., ਨੈੱਟ
6. ਅਭਿਨੀਤ ਕੌਰ, (ਗੈਸਟ ਫੈਕਲਟੀ) ਐਮ.ਏ. ਆਨਰਜ਼, ਨੈੱਟ
7. ਸ. ਕੁਲਤਾਰ ਸਿੰਘ, (ਗੈਸਟ ਫੈਕਲਟੀ) ਐਮ.ਏ., ਬੀ.ਐਡ., ਨੈੱਟ
8. ਪਰਮਜੀਤ ਕੌਰ, (ਗੈਸਟ ਫੈਕਲਟੀ) ਐਮ.ਏ., ਨੈੱਟ
9. ਖਾਲੀ (ਗੈਸਟ ਫੈਕਲਟੀ)
10. ਖਾਲੀ

**ਹਿੰਦੀ**

1. ਐਸੋ. ਪ੍ਰੋ. ਰੇਨੂੰ ਗੋਇਲ, ਐਮ.ਏ., ਐਮ.ਫਿਲ (ਮੁਖੀ)
2. ਡਾ. ਪ੍ਰਵੀਨ ਬਾਲਾ, (ਗੈਸਟ ਫੈਕਲਟੀ) ਐਮ.ਏ., ਪੀ.ਐਚ.ਡੀ., ਨੈੱਟ

**ਸੰਸਕ੍ਰਿਤ**

1. ਗੈਸਟ ਫੈਕਲਟੀ

**ਇਕਨਾਮਿਕਸ**

1. ਡਾ. ਮੀਤਿਕਾ ਗੋਇਲ (ਪਾਰਟ ਟਾਈਮ), ਐਮ.ਏ., ਐਮ.ਫਿਲ, ਪੀ.ਐਚ.ਡੀ, ਨੈੱਟ
2. ਖਾਲੀ

**ਹਿਸਟਰੀ**

1. ਐਸੋ.ਪ੍ਰੋ. ਸਕਿੰਦਰ ਕੌਰ ਬਰਾੜ, ਐਮ.ਏ., ਐਮ.ਫਿਲ (ਮੁਖੀ)
2. ਐਸੋ.ਪ੍ਰੋ. (ਡਾ.) ਅਨਿਲਾ ਸੁਲਤਾਨਾ, ਐਮ.ਏ., ਪੀ.ਐਚ.ਡੀ.

**ਪੋਲੀਟੀਕਲ ਸਾਇੰਸ**

1. ਪ੍ਰੋ. (ਡਾ.) ਬਬਿੰਦਰ ਕੌਰ, ਐਮ.ਏ., ਐਮ.ਫਿਲ, ਪੀਐਚ.ਡੀ. (ਮੁਖੀ)
2. ਅਸਿ. ਪ੍ਰੋ. ਸ਼ਾਮ ਸੁੰਦਰ ਸ਼ਰਮਾ, ਐਮ.ਏ.
3. ਪੂਜਾ ਬਾਂਸਲ, (ਗੈਸਟ ਫੈਕਲਟੀ) ਐਮ.ਏ., ਐਮ.ਫਿਲ., ਬੀ.ਐਡ

**ਹੋਮ ਸਾਇੰਸ**

1. ਐਸੋ.ਪ੍ਰੋ. (ਡਾ.) ਬਲਵਿੰਦਰ ਕੌਰ ਚੀਮਾ, ਐਮ.ਐਸ.ਸੀ., ਪੀ.ਐਚ.ਡੀ. (ਮੁਖੀ)
2. ਪ੍ਰਭਜੋਤ ਕੌਰ, (ਗੈਸਟ ਫੈਕਲਟੀ) ਐਮ.ਐਸ.ਸੀ., ਨੈੱਟ
3. ਲਕਸ਼ਮੀ ਗੇਟ, (ਗੈਸਟ ਫੈਕਲਟੀ) ਐਮ.ਐਸ.ਸੀ, ਨੈੱਟ
4. ਖਾਲੀ

**ਮੈਥ**

1. ਐਸੋ.ਪ੍ਰੋ. ਵੰਦਨਾ ਸਲੂਜਾ, ਐਮ.ਐਸ.ਸੀ., ਐਮ.ਫਿਲ (ਮੁਖੀ)
2. ਐਸੋ.ਪ੍ਰੋ. ਰਵਿੰਦਰ ਕੌਰ ਸੂਚ, ਐਮ.ਐਸ.ਸੀ., ਐਮ.ਫਿਲ

**ਜੌਗਰਫ਼ੀ**

1. ਐਸੋ.ਪ੍ਰੋ. ਚਰਨਜੀਤ ਕੌਰ, ਐਮ.ਐਸ.ਸੀ., ਐਮ.ਫਿਲ (ਮੁਖੀ)
2. ਡਾ. ਮਨਜੀਤ ਕੌਰ, (ਗੈਸਟ ਫੈਕਲਟੀ) ਐਮ.ਐਸ.ਸੀ., ਪੀ.ਐਚ.ਡੀ
3. ਕਮਲਦੀਪ ਕੌਰ, (ਗੈਸਟ ਫੈਕਲਟੀ) ਐਮ.ਏ., ਬੀ.ਏ.ਜੌਗਰਫੀ ਆਨਰਜ਼, ਨੈੱਟ

**ਸਾਈਕਾਲੋਜੀ**

1. ਐਸੋ.ਪ੍ਰੋ. (ਡਾ.) ਪਰਮਜੀਤ ਕੌਰ, ਐਮ.ਏ., ਪੀ.ਐਚ.ਡੀ. (ਮੁਖੀ)
2. ਲੀਨਾ ਭਾਰਤੀ, (ਗੈਸਟ ਫੈਕਲਟੀ) ਐਮ.ਏ. ਨੈੱਟ
3. ਡਾ. ਅਰੁਸ਼ੀ, (ਗੈਸਟ ਫੈਕਲਟੀ) ਬੀ.ਏ. (ਆਨਰਜ਼) ਐਮ.ਐਸ.ਸੀ, ਆਈ.ਸੀ.ਆਈ, ਐਸ.ਐਸ.ਆਰ, ਪੀ.ਐਚ.ਡੀ, ਨੈੱਟ

**ਸੰਗੀਤ ਗਾਇਨ**

1. ਐਸੋ.ਪ੍ਰੋ. ਰਾਜਿੰਦਰ ਕੌਰ, ਐਮ.ਏ., ਐਮ.ਫਿਲ, ਬੀ.ਐੱਡ, ਐਮ.ਐੱਡ (ਮੁਖੀ)
2. ਐਸੋ.ਪ੍ਰੋ. ਪਿਆਰਾ ਲਾਲ, ਐਮ.ਏ., ਐਮ.ਫਿਲ
3. ਐਸੋ.ਪ੍ਰੋ. ਨੀਰੂ ਸੂਰੀ, ਐਮ.ਏ., ਐਮ.ਫਿਲ
4. ਡਾ. ਸਾਕਸ਼ੀ ਸ਼ਰਮਾ, (ਗੈਸਟ ਫੈਕਲਟੀ) ਐਮ.ਏ.ਐਮ.ਫਿਲ.ਪੀ.ਐਚ.ਡੀ

**ਸੰਗੀਤ ਵਾਦਨ**

1. ਐਸੋ.ਪ੍ਰੋ. ਪ੍ਰੀਤਇੰਦਰ ਕੌਰ, ਐਮ.ਏ., ਐਮ.ਫਿਲ, ਬੀ.ਐਡ (ਮੁਖੀ)
2. ਐਸੋ.ਪ੍ਰੋ. (ਡਾ. ਜਗਮੋਹਨ ਸ਼ਰਮਾ, ਐਮ.ਏ., ਪੀ.ਐਚ.ਡੀ.

**ਡਾਂਸ**

1. ਐਸੋ.ਪ੍ਰੋ. (ਡਾ.) ਜੀਵਨ ਬਾਲਾ, ਐਮ.ਏ. (ਡਾਂਸ, ਮਿਊਜ਼ਿਕ ਵਾਦਨ), ਪੀ.ਐਚ.ਡੀ. (ਮੁਖੀ)
2. ਐਸੋ.ਪ੍ਰੋ. ਪੁਸ਼ਪਿੰਦਰ, ਐਮ.ਏ., ਐਮ.ਐੱਡ, ਨੈੱਟ
3. ਐਸਿ. ਪ੍ਰੋ. ਕੁਲਵਿੰਦਰ ਕੌਰ, ਐਮ.ਏ., ਬੀ.ਐੱਡ, ਨੈੱਟ, ਪੀ.ਐਚ.ਡੀ
4. ਡਾ. ਸੀਮਾ ਸ਼ਰਮਾ (ਪਾਰਟ ਟਾਈਮ) ਐਮ.ਏ., ਪੀ.ਐਚ.ਡੀ.

**ਨਿਊਟ੍ਰੀਸ਼ਨ ਐਂਡ ਡਾਇਟ**

1. ਪ੍ਰੋ. (ਡਾ.) ਤੇਜਿੰਦਰ ਕੌਰ, ਐਮ.ਐਸਸੀ., ਪੀ.ਐੱਚ ਡੀ. (ਮੁਖੀ)

**ਫੂਡ ਐਂਡ ਕੁਆਂਟਿਟੀ ਕੁਕਿੰਗ**

1. ਐਸੋ.ਪ੍ਰੋ. ਬਰਿੰਦਰ ਕੌਰ, ਐਮ.ਐਸ.ਸੀ., (ਹਿਊਮਨ ਨਿਊਟ੍ਰੀਸ਼ਨ ਐਂਡ ਡਾਇਐਟਿਕਸ) (ਮੁਖੀ)

**ਕੰਪਿਊਟਰ ਸਾਇੰਸ**

1. ਸੰਦੀਪ ਕੁਮਾਰ ਜਿੰਦਲ, ਐਮ.ਐਸ.ਸੀ., ਐਮ.ਸੀ.ਏ., ਐਮ.ਟੈਕ (ਆਈ.ਟੀ.) (ਕੋਨਟਰੈਕਟ ਤੇ)
2. ਗਗਨਦੀਪ ਕੌਰ (ਗੈਸਟ ਫੈਕਲਟੀ) ਐਮ.ਐਸ.ਸੀ
3. ਡਾ. ਨੇਹਾ ਖੰਨਾ (ਗੈਸਟ ਫੈਕਲਟੀ) ਪੀ.ਐਚ.ਡੀ

**ਫੂਡ ਐਂਡ ਨਿਊਟ੍ਰੀਸ਼ਨ**
1. ਐਸੋ.ਪ੍ਰੋ. ਨਵਿਤਾ ਗੋਇਲ (ਛੁੱਟੀ ਤੇ ਲੰਬੇ ਸਮੇਂ ਤੋਂ)
2. ਖਾਲੀ

**ਫਾਈਨ ਆਰਟਸ**
1. ਐਸੋ.ਪ੍ਰੋ. ਪੂਨਮ ਰਿਸ਼ੀ, ਪੰਜ ਸਾਲਾ ਡਿਪਲੋਮਾ ਇੰਨ ਫਾਈਨ ਆਰਟਸ (ਮੁਖੀ)
2. ਐਸੋ.ਪ੍ਰੋ. ਗੁਰਵੀਨ ਕੌਰ, ਐਮ.ਏ., ਪੀ.ਜੀ. ਡਿਪਲੋਮਾ, ਨੈੱਟ
3. ਐਸੋ.ਪ੍ਰੋ. ਰਣਜੀਤ ਕੌਰ, ਐਮ.ਏ., ਨੈੱਟ
4. ਐਸੋ.ਪ੍ਰੋ. (ਡਾ.) ਸੰਜੀਵ ਪੀ. ਸ਼੍ਰੀ ਵਾਸਤਵ, ਐਮ.ਏ., ਪੀ.ਐੱਚ.ਡੀ.
5. ਸੁਭਾਸ਼ ਚੰਦਰ, (ਪਾਰਟ ਟਾਈਮ) ਐਮ.ਏ., ਨੈੱਟ
6. ਅੰਜੂ (ਪਾਰਟ ਟਾਈਮ) ਐਮ.ਏ., ਨੈੱਟ
7. ਜਸਰੀਨ ਮੰਨਚੰਦਾ, (ਗੈਸਟ ਫੈਕਲਟੀ) ਐਮ.ਏ., ਜੇ.ਆਰ.ਐਫ., ਨੈਟ

**ਫਿਲਾਸਫ਼ੀ**
1. ਪ੍ਰੋ. (ਡਾ.) ਜਤਿੰਦਰ ਜੈਨ, ਐਮ.ਏ., ਪੀ.ਐਚ.ਡੀ (ਮੁਖੀ)
2. ਐਸੋ.ਪ੍ਰੋ. (ਡਾ.) ਰਾਜਵਿੰਦਰ ਸਿੰਘ, ਐਮ.ਏ., ਐਮ.ਫਿਲ, ਪੀ.ਐਚ.ਡੀ.

**ਫਿਜ਼ਿਕਲ ਐਜੂਕੇਸ਼ਨ**
1. ਐਸੋ.ਪ੍ਰੋ. ਗੁਰਿੰਦਰ ਕੌਰ, ਐਮ.ਏ., ਐਮ.ਫਿਲ (ਮੁਖੀ)
2. ਡਾ. ਬਲਜੀਤ ਕੌਰ (ਪਾਰਟ ਟਾਈਮ), ਐਮ.ਏ., ਡੀ.ਪੀ.ਐਡ., ਪੀ.ਐੱਚ.ਡੀ.

**ਸੋਸ਼ਿਆਲੋਜੀ**
1. ਨਿਰਮਲ ਸਿੰਘ (ਪਾਰਟ ਟਾਈਮ), ਐਮ.ਏ. (ਸੋਸ਼ਿਆਲੋਜੀ, ਪੋਲ ਸਾਇੰਸ), ਨੈੱਟ, ਐਮ.ਫਿਲ
2. ਸੁਮੀਤਾ, (ਗੈਸਟ ਫੈਕਲਟੀ) ਐਮ.ਏ., ਐਮ.ਫਿਲ

**ਫੋਕ ਆਰਟ**
1. ਅਸਿ. ਪ੍ਰੋ. ਸੁਰਿੰਦਰ ਕੌਰ (ਪਾਰਟ ਟਾਇਮ) ਐਮ.ਏ., ਐਮ.ਫਿਲ
2. ਅਮਨਦੀਪ ਕੌਰ, (ਗੈਸਟ ਫੈਕਲਟੀ) ਐਮ.ਏ., ਐਮ.ਫਿਲ

**ਕੈਮਿਸਟਰੀ**
1. ਖਾਲੀ

**ਸਟੈਟਿਸਟਿਕਸ**
1. ਐਸੋ.ਪ੍ਰੋ. ਵਿਜੈ ਕੁਮਾਰ ਗੋਇਲ, ਐਮ.ਐਸ.ਸੀ., ਐਮ.ਫਿਲ (ਮੁਖੀ)

**ਫਿਜ਼ਿਕਸ**
1. ਐਸੋ.ਪ੍ਰੋ. (ਡਾ.) ਲਵਲੀਨ, ਐਮ.ਐਸ.ਸੀ., ਪੀ.ਐੱਚ.ਡੀ. (ਮੁਖੀ)
2. ਸ਼ਿਵਾਨੀ ਸ਼ਰਮਾ, (ਗੈਸਟ ਫੈਕਲਟੀ) ਐਮ.ਐਸ.ਸੀ. ਪੀ.ਐਚ.ਡੀ।

**ਜੁਆਲੋਜੀ**
1. ਐਸੋ.ਪ੍ਰੋ. (ਡਾ.) ਸ਼ਬਨਮ ਕੌਰ ਸੋਢੀ, ਐਮ.ਐਸ.ਸੀ., ਐਮ.ਫਿਲ, ਪੀ.ਐੱਚ ਡੀ. (ਮੁਖੀ)
2. ਡਾ. ਸ਼ਿਵਾਨੀ ਸਿੰਗਲਾ, (ਗੈਸਟ ਫੈਕਲਟੀ) ਐਮ.ਐਸ.ਸੀ. ਪੀ.ਐਚ.ਡੀ

**ਬਾਟਨੀ**
1. ਖਾਲੀ

**ਬਾਇਓ-ਕੈਮਿਸਟਰੀ**
1. ਖਾਲੀ

**ਵਾਤਾਵਰਣ ਸਿੱਖਿਆ**
1. ਰੀਚਾ ਬਾਂਸਲ, ਐਮ.ਐਸ.ਸੀ., ਨੈੱਟ

**ਐਚ.ਈ.ਆਈ.ਐਸ**
1. ਸੰਦੀਪ ਕੌਰ, (ਬਾਇਓਟੈਕਨੋਲੋਜੀ)
2. ਪਰਨੀਤ ਕੌਰ, (ਬਾਇਓਟੈਕਨੋਲੋਜੀ)
3. ਰਮਨਦੀਪ ਕੌਰ, (ਐਮ.ਸੀ.ਏ.)
4. ਟੀਨਾ (ਐਮ.ਸੀ.ਏ)
5. ਜਸਵਿੰਦਰ ਸਿੱਧੂ (ਐਮ.ਸੀ.ਏ)
6. ਸੰਦੀਪ (ਐਮ.ਸੀ.ਏ)
7. ਮਨਮੀਤ (ਐਮ.ਸੀ.ਏ)
8. ਹਰਜੀਤ ਕੌਰ (ਪੰਜਾਬੀ)

**ਲਾਇਬ੍ਰੇਰੀਅਨ-2**
1. ਸ਼੍ਰੀਮਤੀ ਬਲਜਿੰਦਰ ਕੌਰ (1)
2. ਖਾਲੀ

**ਬਰਸਰ (Bursar)**
ਐਸੋ.ਪ੍ਰੋ. ਵਿਜੈ ਕੁਮਾਰ ਗੋਇਲ

**ਰਜਿਸਟਰਾਰ (Registrar)**
ਪ੍ਰੋ. (ਡਾ.) ਤੇਜਿੰਦਰ ਕੌਰ

**ਸੀਨੀਅਰ ਟਿਊਟਰ (Senior Tutor)**
ਐਸੋ.ਪ੍ਰੋ. ਵੰਦਨਾ ਸਲੂਜਾ

**ਟਾਈਮ ਟੇਬਲ ਕੋਆਰਡੀਨੇਟਰਜ਼ (Time Table Coordinator)**
ਪ੍ਰੋ. (ਡਾ.) ਤੇਜਿੰਦਰ ਕੌਰ
ਐਸੋ.ਪ੍ਰੋ. (ਡਾ.) ਪਰਮਜੀਤ ਕੌਰ

**ਐਨ.ਸੀ.ਸੀ.**
ਅਸਿ.ਪ੍ਰੋ. ਕੁਲਵਿੰਦਰ ਕੌਰ

**ਐਨ.ਐਸ.ਐਸ. (ਤਿੰਨ ਯੂਨਿਟ) (N.S.S. Three Units)**
1. ਐਸੋ.ਪ੍ਰੋ. ਕੰਵਲਜੀਤ ਕੌਰ
2. ਅਰੁਨਦੀਪ (ਪਾਰਟ ਟਾਈਮ)
3. ਡਾ. ਮੀਤਿਕਾ ਗੋਇਲ (ਪਾਰਟ ਟਾਈਮ)

**ਰੈਡ ਕਰਾਸ ਬ੍ਰਿਗੇਡਜ਼ (Red Cross Brigades)**
1. ਐਸੋ.ਪ੍ਰੋ. ਕੰਵਲਜੀਤ ਕੌਰ
2. ਡਾ. ਅਮਨਦੀਪ ਕੌਰ (ਪਾਰਟ ਟਾਈਮ)

**ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ, ਕਾਨੂੰਨੀ ਸਾਖ਼ਰਤਾ ਕਲੱਬ**
1. ਪ੍ਰੋ. (ਡਾ.) ਬਬਿੰਦਰ ਕੌਰ
2. ਪ੍ਰੋ. (ਡਾ.) ਜਤਿੰਦਰ ਜੈਨ
3. ਅਸਿ.ਪ੍ਰੋ. ਸ਼ਾਮ ਸੁੰਦਰ
4. ਅਸਿ. ਪ੍ਰੋ. ਸੋਨੀਆ
5. ਅਸਿ. ਪ੍ਰੋ. ਹਰਪ੍ਰੀਤ ਕੌਰ

**ਫੀਡ ਬੈਕ ਕਮੇਟੀ**
1. ਅਸਿ. ਪ੍ਰੋ., ਹਰਪ੍ਰੀਤ ਕੌਰ
2. ਸੰਦੀਪ ਕੁਮਾਰ ਜਿੰਦਲ

**ਕਾਲਜ ਕਾਂਊਸਲ**
1. ਐਸੋ.ਪ੍ਰੋ. ਰੇਨੂੰ ਗੋਇਲ
2. ਐਸੋ. ਪ੍ਰੋ. (ਡਾ.) ਪੂਨਮ ਰਿਸ਼ੀ
3. ਐਸੋ.ਪ੍ਰੋ. ਵਿਜੇ ਗੋਇਲ
4. ਐਸੋ. ਪ੍ਰੋ. ਵੰਦਨਾ ਸਲੂਜਾ
5. ਐਸੋ. ਪ੍ਰੋ. ਚਰਨਜੀਤ ਕੌਰ

**ਨਾਨ ਟੀਚਿੰਗ**

**ਸੁਪਰਡੈਂਟ-1**
1. ਸ਼੍ਰੀਮਤੀ ਗੁਰਮੀਤ ਕੌਰ

**ਹੋਸਟਲ ਸੁਪਰਡੈਂਟ**
1. ਖਾਲੀ

**ਸਟੈਨੋ-ਟਾਈਪਿਸਟ-1**
1. ਹਰਪ੍ਰੀਤ ਕੌਰ

**ਕਲਰਕ-5**
1. ਅਵਨਿੰਦਰ ਕੌਰ
2. ਮੀਤੂ ਬਾਲਾ
3. ਮਮਤਾ ਰਾਣੀ
4. ਨੀਸ਼ੂ ਸ਼ਰਮਾ
5. ਖਾਲੀ

**ਲਾਇਬ੍ਰੇਰੀ ਰੈਸਟੋਰਰ-2**
1. ਰਮਾ ਦੀਕਸ਼ਿਤ
2. ਖਾਲੀ

**ਐਸ.ਐਲ.ਏ.-8**
1. ਸ. ਹਰਕੀਰਤ ਸਿੰਘ
2. ਬਲਬੀਰ ਕੌਰ
3. ਨਵਨੀਤਾ ਸ਼ਰਮਾ
4. ਸ. ਕੁਲਵਿੰਦਰ ਸਿੰਘ
5. ਖਾਲੀ
6. ਖਾਲੀ
7. ਖਾਲੀ
8. ਖਾਲੀ

**ਜੇ.ਐਲ.ਏ (ਸਾਇੰਸ)-9**
1. ਖਾਲੀ
2. ਖਾਲੀ
3. ਖਾਲੀ
4. ਖਾਲੀ
5. ਖਾਲੀ
6. ਖਾਲੀ
7. ਖਾਲੀ
8. ਖਾਲੀ
9. ਖਾਲੀ

**ਤਬਲਾ ਇੰਸਟਰਕਟਰ-4**
1. ਸ੍ਰੀ ਨਰਿੰਦਰ ਕੁਮਾਰ
2. ਮਿਸ ਸ਼ੇਫਾਲੀ
3. ਖਾਲੀ
4. ਖਾਲੀ

**ਨਰਸ-1**
1. ਸ੍ਰੀਮਤੀ ਨਰਿੰਦਰ ਕੌਰ

**ਲੈਬ ਅਟੈਂਡੈਂਟ-12 (ਸੀਨੀਅਰ ਲੈਬ ਅਟੈਂਡੈਂਟ-6)**
1. ਅਮਰਜੀਤ ਕੌਰ
2. ਸ. ਰਘਬੀਰ ਸਿੰਘ
3. ਸ. ਨਿਰਮਲ ਸਿੰਘ
4. ਸ. ਨੱਛਤਰ ਸਿੰਘ
5. ਸ. ਕੁਲਜੀਤ ਸਿੰਘ
6. ਸ. ਜੋਗਿੰਦਰ ਸਿੰਘ

**ਲੈਬ ਅਟੈਂਡੈਂਟ-6**
1. ਸ੍ਰੀ. ਪਲਵਿੰਦਰ ਸਿੰਘ
2. ਸ. ਬਿਕਰਮਜੀਤ ਸਿੰਘ
3. ਸ. ਪਰਵਿੰਦਰ ਸਿੰਘ
4. ਖਾਲੀ
5. ਖਾਲੀ
6. ਖਾਲੀ

**ਜੇ.ਐਲ.ਏ. (ਸੰਗੀਤ-3)**
1. ਖਾਲੀ
2. ਖਾਲੀ
3. ਖਾਲੀ

**ਦਰਜਾ ਚਾਰ ਕਰਮਚਾਰੀ**

**ਦਫ਼ਤਰੀ-1**
1. ਖਾਲੀ

**ਲਾਇਬ੍ਰੇਰੀ ਅਟੈਂਡੈਂਟ-2**
1. ਸ੍ਰੀ ਵੀਰ ਭਾਨ
2. ਖਾਲੀ

**ਸੇਵਾਦਾਰ-5**
1. ਸ. ਅਮਰਜੀਤ ਸਿੰਘ
2. ਖਾਲੀ
3. ਖਾਲੀ
4. ਖਾਲੀ
5. ਖਾਲੀ

**ਮਾਲੀ-1**
1. ਸ੍ਰੀ ਰਾਜਿੰਦਰ ਪ੍ਰਸਾਦ

**ਲਾਇਬ੍ਰੇਰੀ ਗੇਟ-ਕੀਪਰ-1**
1. ਖਾਲੀ

**ਵਾਟਰਮੈਨ-1**
1. ਸ. ਕੇਸਰ ਸਿੰਘ

**ਬੇਲਦਾਰ-3**
1. ਸ੍ਰੀ ਪ੍ਰੇਮ ਚੰਦ
2. ਖਾਲੀ
3. ਖਾਲੀ

**ਚੌਕੀਦਾਰ-4**
1. ਸ. ਗੁਲਬਾਗ ਸਿੰਘ
2. ਸ. ਰਾਮ ਕ੍ਰਿਸ਼ਨ ਸਿੰਘ
3. ਖਾਲੀ
4. ਖਾਲੀ

**ਸਫਾਈ ਸੇਵਕ-3**
1. ਕਿਰਨਾ ਦੇਵੀ
2. ਸ੍ਰੀ ਵਿਨੋਦ
3. ਖਾਲੀ

**ਗੇਮ ਬੁਆਏ**
1. ਖਾਲੀ

# ਅਧਿਐਨ ਲਈ ਉਪਲਬਧ ਕੋਰਸ 2018-19
## (Courses of Study 2018-19)

| ਲੜੀ ਨੰ: | ਕੋਰਸ ਦਾ ਨਾਮ | S.No. | Name of the Course |
|---|---|---|---|
| 1. | ਐਮ.ਏ. ਫਾਈਨ ਆਰਟਸ | 1. | M.A. Fine Arts |
| 2. | ਐਮ.ਏ. ਡਾਂਸ | 2. | M.A. Dance |
| 3. | ਐਮ.ਏ. ਸੰਗੀਤ ਗਾਇਨ | 3. | M.A. Music (Vocal) |
| 4. | ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ | 4. | M.Sc. Food & Nutrition |
| 5. | ਬੀ.ਏ. (ਤਿੰਨ ਸਾਲਾ ਕੋਰਸ) | 5. | B.A. (TDC) |
| 6. | ਬੀ.ਐਸ.ਸੀ (ਮੈਡੀਕਲ) (ਤਿੰਨ ਸਾਲਾ ਕੋਰਸ) | 6. | B.Sc. (TDC) Medical |
| 7. | ਬੀ.ਐਸ.ਸੀ. ਨਾਨ-ਮੈਡੀਕਲ (ਕੰਪਿਊਟਰ ਸਾਇੰਸ) (ਤਿੰਨ ਸਾਲਾ ਕੋਰਸ) | 7. | B.Sc. (TDC) Non-Medical (Computer Science) |
| 8. | ਬੀ.ਐਸ.ਸੀ. ਹੋਮ ਸਾਇੰਸ (ਤਿੰਨ ਸਾਲਾ ਕੋਰਸ) | 8. | B.Sc. (TDC) Home Science |
| 9. | ਬੀ.ਏ. ਆਨਰਜ਼ ਵੱਖ-ਵੱਖ ਵਿਸ਼ਿਆਂ ਵਿੱਚ | 9. | B.A. Honours in Different Subjects |
| **ਸੈਲਫ ਫਾਇਨਾਂਸ ਕੋਰਸ** | | **Self Finance Course** | |
| 10. | ਐਮ.ਐਸ.ਸੀ. (ਆਈ.ਟੀ.) ਰੈਗੂਲਰ ਅਤੇ ਲੇਟਰਲ | 10. | M.Sc. (Information Technology) (Regulation and Lateral) |
| 11. | ਪੀ.ਜੀ.ਡੀ.ਸੀ.ਏ. | 11. | P.G.D.C.A. |
| 12. | ਬੀ.ਸੀ.ਏ. | 12. | B.C.A. |
| 13. | ਬੀ.ਐਸ.ਸੀ. ਬਾਇਓਟੈਕਨੋਲੋਜੀ ਆਨਰਜ਼ (ਤਿੰਨ ਸਾਲਾ ਕੋਰਸ) | 13. | B.Sc. (TDC) Biotechnology (Hons.) |

**ਜ਼ਰੂਰੀ ਨੋਟ :** ਜੇਕਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਿਸੇ ਕਲਾਸ ਦੀ ਪ੍ਰੀਖਿਆ ਪ੍ਰਣਾਲੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਨੋਟਿਸ ਬੋਰਡ 'ਤੇ ਲਗਾ ਦਿੱਤੀ ਜਾਵੇਗੀ। ਉਹ ਪ੍ਰੀਖਿਆ ਪ੍ਰਣਾਲੀ ਅਪਣਾਉਣਾ ਵਿਦਿਆਰਥੀ ਲਈ ਲਾਜ਼ਮੀ ਹੋਵੇਗੀ।

**ਜੇਕਰ ਕਿਸੇ ਕੋਰਸ ਵਿਚ ਵਿਦਿਆਰਥੀਆਂ ਦੀ ਗਿਣਤੀ ਦਸ ਤੋਂ ਘੱਟ ਹੋਵੇਗੀ ਤਾਂ ਉਹ ਕੋਰਸ ਸ਼ੁਰੂ ਨਹੀਂ ਕੀਤਾ ਜਾਵੇਗਾ**

# ਦਾਖ਼ਲੇ ਸੰਬੰਧੀ ਜਾਣਕਾਰੀ

- ਦਾਖ਼ਲਾ ਫਾਰਮ ਪ੍ਰਾਸਪੈਕਟਸ ਦੇ ਅੰਤ ਵਿਚ ਨੱਥੀ ਹੈ
  **(Admission form is attached at the end of prospectus)**

**ਦਾਖ਼ਲਾ ਫਾਰਮ ਭਰਨ ਤੋਂ ਪਹਿਲਾਂ ਦਾਖਲੇ ਸੰਬੰਧੀ ਜਾਣਕਾਰੀ ਲਈ ਹੇਠ ਲਿਖੇ ਨਿਯਮਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ।**

1. ਪੰਜਾਬੀ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਨਿਯਮਾਂ ਅਤੇ ਸਿਲੇਬਸ ਅਨੁਸਾਰ ਕਾਲਜ ਵਿਖੇ ਸਮੈਸਟਰ ਸਿਸਟਮ ਪ੍ਰਣਾਲੀ ਤਹਿਤ ਬੀ.ਏ., ਬੀ.ਐਸ.ਸੀ ਮੈਡੀਕਲ, ਨਾਨ-ਮੈਡੀਕਲ (ਕੰਪਿਊਟਰ ਸਾਇੰਸ) ਹੋਮ ਸਾਇੰਸ, ਬੀ.ਐਸ.ਸੀ (ਬਾਇਓ ਟੈਕਨਾਲੋਜੀ ਆਨਰਜ਼), ਬੀ.ਸੀ.ਏ. ਆਨਰਜ਼, ਐਮ.ਐਸ.ਸੀ. ਆਈ.ਟੀ (ਰੈਗੂਲਰ) ਐਮ.ਏ. ਫਾਈਨ ਆਰਟਸ, ਮਿਊਜ਼ਿਕ ਵੋਕਲ, ਡਾਂਸ ਅਤੇ ਐਮ.ਐਸ.ਸੀ ਫੂਡ ਐਂਡ ਨਿਊਟ੍ਰੀਸ਼ਨ ਦੀ ਪੜਾਈ ਦਾ ਪ੍ਰਬੰਧ ਹੈ।
2. ਕਾਲਜ ਵਿਚ ਦਾਖ਼ਲਾ ਮੈਰਿਟ ਦੇ ਆਧਾਰ ਤੇ ਹੋਵੇਗਾ ਦਾਖਲਾ ਲੈਣ ਦੀਆਂ ਚਾਹਵਾਨ ਵਿਦਿਆਰਥਣਾਂ ਨਿਸ਼ਚਿਤ ਮਿਤੀ ਤੇ ਦਾਖ਼ਲਾ ਕਮੇਟੀ ਦੇ ਸਾਹਮਣੇ ਪੇਸ਼ ਹੋਣਗੀਆਂ। ਕਮੇਟੀ ਦੀ ਸਿਫਾਰਿਸ਼ ਉਪਰੰਤ ਪ੍ਰਿੰਸੀਪਲ ਸਾਹਿਬ ਵੱਲੋਂ ਦਾਖ਼ਲੇ ਦੀ ਪ੍ਰਵਾਨਗੀ ਦਿੱਤੀ ਜਾਵੇਗੀ।
3. ਗ੍ਰੈਜੂਏਟ ਪੱਧਰ ਤੱਕ ਦੀ ਕਲਾਸ ਵਿਚ ਉਹ ਵਿਦਿਆਰਥੀ ਹੀ ਦਾਖ਼ਲਾ ਲੈ ਸਕਦੇ ਹਨ ਜਿਨ੍ਹਾਂ ਨੇ 10+2 ਪ੍ਰਵਾਨਿਤ ਸੰਸਥਾ ਤੇ ਪਾਸ ਕੀਤੀ ਹੋਵੇ।
4. 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਕੇਵਲ ਰੀ-ਅਪੀਅਰ Clear ਹੋਣ ਤੋਂ ਬਾਅਦ ਦੀ ਬਣਦੀ ਲੇਟ ਫ਼ੀਸ ਨਾਲ ਦਿੱਤਾ ਜਾਵੇਗਾ। 31 ਅਗਸਤ ਤੋਂ ਬਾਅਦ Re-appear clear ਹੋਣ ਤੋਂ ਬਾਅਦ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
5. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ: 15883-15952/ਓ.ਐਸ.ਡੀ. ਮਿਤੀ 31.5.1999 ਅਤੇ 6079-6144/ਓ.ਐਸ.ਡੀ. (ਕਾਲਜ) ਅਤੇ 10.05.2000 ਅਨੁਸਾਰ ਜੇਕਰ ਕਿਸੇ ਵਿਦਿਆਰਥੀ ਦੀ ਬੀ.ਏ./ਬੀ.ਐਸ.ਸੀ. ਭਾਗ ਪਹਿਲਾ ਵਿੱਚ ਰੀ-ਅਪੀਅਰ ਹੈ ਤਾਂ ਉਹ ਕੇਵਲ ਬੀ.ਏ./ਬੀ.ਐਸ.ਸੀ. ਭਾਗ ਦੂਜਾ ਵਿੱਚ ਦਾਖ਼ਲਾ ਲੈ ਸਕਦਾ ਹੈ ਅਤੇ ਜਦੋਂ ਤੱਕ ਵਿਦਿਆਰਥੀਆਂ ਦੀ ਭਾਗ ਪਹਿਲਾ ਦੀ ਰੀ-ਅਪੀਅਰ ਕਲੀਅਰ ਨਹੀਂ ਹੋ ਜਾਂਦੀ ਉਹ ਭਾਗ ਤੀਜਾ ਵਿੱਚ ਦਾਖ਼ਲੇ ਦੇ ਯੋਗ ਨਹੀਂ ਹੋਵੇਗਾ।
6. ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ, ਬੋਰਡ ਅਤੇ ਐਜੂਕੇਸ਼ਨ ਸਕੂਲ ਹਰਿਆਣਾ, ਹਿਮਾਚਲ ਪ੍ਰਦੇਸ਼ ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਈ ਬੋਰਡਾਂ ਤੋਂ 10+2 ਪਾਸ ਕਰਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਦੂਜੇ ਰਾਜਾਂ ਤੇ ਇਹ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਬਰਾਂਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ, ਇਸ ਤੋਂ ਬਿਨਾਂ ਦਾਖਲਾ ਨਹੀਂ ਹੋਵੇਗਾ ਜਾਂ ਰੱਦ ਕਰ ਦਿੱਤਾ ਜਾਵੇਗਾ।
7. ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੇ 15 ਦਿਨ ਦੇ ਅੰਦਰ ਆਪਣਾ ਅਸਲ ਨੰਬਰ ਕਾਰਡ ਅਤੇ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ (Original DMC and Migration Certificate) ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣੇ ਹੋਣਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਯੂਨੀਵਰਸਿਟੀ ਦੁਆਰਾ ਲੇਟ ਫ਼ੀਸ ਲਈ ਜਾਂਦੀ ਹੈ ਤਾਂ ਇਸ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।
8. ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ ਹੋਏ, ਪ੍ਰੀਖਿਆ ਤੋਂ ਰੋਕੇ ਹੋਏ, ਯੂਨੀਵਰਸਿਟੀ ਪ੍ਰੀਖਿਆ ਵਿੱਚ ਗੈਰ-ਹਾਜ਼ਰ ਜਾਂ ਪ੍ਰੀਖਿਆ ਵਿੱਚ ਵਿਸ਼ੇਸ਼ ਹਾਲਤਾਂ ਵਿੱਚ/ਵਿਸ਼ੇਸ਼ ਕੇਸਾਂ ਵਿੱਚ ਪੇਪਰ ਛੱਡ ਜਾਣ ਵਾਲੇ ਜਾਂ ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਉਸੇ ਕਲਾਸ ਵਿੱਚ ਮੁੜ ਦਾਖ਼ਲਾ ਪ੍ਰਿੰਸੀਪਲ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਦਿੱਤਾ ਜਾਵੇਗਾ। ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਬੈਠਣ ਤੋਂ ਵਰਜਿਤ ਵਿਦਿਆਰਥੀਆਂ ਦਾ ਦਾਖ਼ਲਾ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਵੇਗਾ।
9. ਕਿਸੇ ਸ਼੍ਰੇਣੀ ਦਾ ਇਮਤਿਹਾਨ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਵਿਦਿਆਰਥੀ ਨੂੰ ਡਵੀਜ਼ਨ ਦੇ ਸੁਧਾਰ ਲਈ ਉਸੇ ਜਮਾਤ ਵਿੱਚ ਦੁਬਾਰਾ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
10. ਅਗਲੀ ਕਲਾਸ ਵਿੱਚ ਦਾਖ਼ਲਾ ਲੈਣ ਸਮੇਂ ਵਿਦਿਆਰਥੀ ਨੂੰ ਨਵਾਂ ਦਾਖ਼ਲਾ ਫਾਰਮ ਭਰਨਾ ਪਵੇਗਾ।
11. ਸਮੇਂ ਸਮੇਂ ਤੋਂ ਬੋਰਡ/ਯੂਨੀਵਰਸਿਟੀ/ਯੂ.ਜੀ.ਸੀ./ ਸਰਕਾਰ ਵੱਲੋਂ ਪ੍ਰਾਪਤ ਆਦੇਸ਼ ਅਨੁਸਾਰ ਦਾਖ਼ਲੇ ਦੇ ਨਿਯਮਾਂ ਵਿਚ ਤਬਦੀਲੀ

ਕੀਤੀ ਜਾ ਸਕਦੀ ਹੈ।

12. ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਆਪਣਾ ਬੀ.ਏ. ਤਿੰਨ ਸਾਲਾਂ ਕੋਰਸ ਵੱਧ ਤੋਂ ਵੱਧ 6 ਸਾਲਾਂ ਵਿੱਚ ਪੂਰਾ ਕਰਨਾ ਹੈ।
13. ਹੋਸਟਲ ਲੈਣ ਦੀਆਂ ਇੱਛੁਕ ਵਿਦਿਆਰਥਣਾਂ ਲਈ ਲੋੜੀਂਦੀ ਜਾਣਕਾਰੀ ਅਤੇ ਨਿਯਮ ਪੰਨਾ ਨੰਬਰ 27-28 ਤੇ ਦਰਜ ਹਨ।
14. ਬਿਹਾਰ ਇਟਰਮੀਡੀਅਟ ਕੌਂਸਲ, ਪਟਨਾ ਅਤੇ ਬੋਰਡ ਆਫ ਐਜੂਕੇਸ਼ਨ ਦਿੱਲੀ ਤੋਂ ਪਾਸ ਕੀਤੀ ਪ੍ਰੀਖਿਆ ਦੇ ਆਧਾਰ ਤੇ ਦਾਖ਼ਲਾ ਨਹੀਂ ਹੋਵੇਗਾ।
15. ਨਿਯਮਾਂ ਦੀ ਵਿਆਖਿਆ ਦਾ ਅਧਿਕਾਰ ਕਾਲਜ ਪ੍ਰਿੰਸੀਪਲ ਨੂੰ ਹੋਵੇਗਾ।

**ਪੰਜਾਬ ਤੋਂ ਬਾਹਰ ਦੇ ਸਿੱਖਿਆ ਬੋਰਡਾਂ/ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਦਾਖ਼ਲੇ ਸੰਬੰਧੀ ਵਿਸ਼ੇਸ਼ ਹਦਾਇਤਾਂ**

**(Special Instructions for Students of Boards/Universities from Outside Punjab)**

(ੳ) ਪੰਜਾਬ ਤੋਂ ਬਾਹਰ ਦੇ ਬੋਰਡ ਜਾਂ ਯੂਨੀਵਰਸਿਟੀਆਂ ਤੋਂ ਆਏ ਵਿਦਿਆਰਥੀਆਂ ਨੂੰ ਦਾਖ਼ਲਾ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਧੀਨ ਹੀ ਦਿੱਤਾ ਜਾਵੇਗਾ। ਅਜਿਹੇ ਉਮੀਦਵਾਰਾਂ ਨੂੰ ਪੰਜਾਬੀ ਯੂਨੀਵਰਸਿਟੀ ਤੋਂ ਪਾਤਰਤਾ ਸਰਟੀਫਿਕੇਟ (Eligibility Certificate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖ਼ਲਾ ਦਿੱਤਾ ਜਾਵੇਗਾ।

**ELIGIBILITY CERTIFICATE :**

- Students from Punjab School Education Board, Haryana School Education Board, Himachal Pradesh School Education Board and Punjab University Chandigarh do not need Eligibility Certificate.
- Students from schools situated in Punjab Chandigarh affiliated to CBSE and CISCE New Delhi also do not need Eligibility Certificate.
- Students from all other Boards/University need Eligibility Certificate from Registration Branch, Punjabi University, Patiala.

**MIGRATION CERTIFICATE :**

- Students from Punjab School Education Board, Haryana School Education Board, Himachal Pradesh School Education Board and Punjabi University, Patiala do not need Migration Certificate. But Students from other Boards need Migration Certificate. They have to submit original DMC and Migration Certificate in College Office with in 15 days. If delayed student would be responsible for any charges imposed by the University.

**Punjabi Compulsory (Mudhla Gyan) in lieu of Punjabi Compulsory**

Students with Below Mentioned Conditions can study Punjabi Mudhla Gyan in lieu of Punjabi Compulsory.

- Students who have done matric, outside Punjab.
- Wards of Defence Personnel/Para Military Personnel (Retired or Inservice) The father of the student will submit the following affidavit. If the father is not alive, mother or guardian can submit the affidavit.

## Specimen of Affidavit for Mudhla Gyan

I.....................................D/o ...................................R/o...................................do here by solemnly affirm and declare as under :-

1. I am defence personnel
2. That I belong to ................State.
3. That my daughter namely ............................. want to get admission in Govt. College for Girls. Patiala in class.................................
4. That my daughter has not studied Punjabi in any lower class. So my daughter may kindly be given Punjabi Compulsory (Mudhla Gyan) in lieu of Punjabi subject.
5. That she has not studied Punjabi at the School level.
6. That she/has not qualified for the Punjabi language test.
7. That I undertake to abide by any terms conditions imposed in this regard.

**Deponent/Parents/Guardian**

- The student has to submit her case along with all documents immediately after admission and has to send it to the Punjabi University. In case of delay they would have to pay late fee of Rs. 1000/- to Rs. 2500/- for further delay.
- In case of denial from University the student will not be permitted to study Punjabi Compulsory (Mudhla Gyan).

**ਪੰਜਾਬੀ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਹਦਾਇਤਾਂ (Instructions from Punjabi University, Patiala)**

1. ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ 31-8-93 ਦੇ ਪੈਰਾ 2.3 ਰਾਂਹੀਂ ਕੀਤੇ ਫੈਸਲੇ ਅਨੁਸਾਰ ਵਿਗਿਆਨ, ਕਾਮਰਸ, ਮੈਡੀਕਲ ਇੰਜੀਨੀਅਰਿੰਗ ਅਤੇ ਹੋਰ ਤਕਨੀਕੀ ਵਿਸ਼ਿਆ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਜਿਨ੍ਹਾਂ ਨੇ ਪਹਿਲਾ ਮੈਟ੍ਰਿਕ ਪੱਧਰ ਤੱਕ ਪੰਜਾਬੀ ਦੀ ਪ੍ਰੀਖਿਆ ਪਾਸ ਨਹੀਂ ਕੀਤੀ ਉਨ੍ਹਾਂ ਲਈ ਆਪਣੇ ਕੋਰਸ ਦੌਰਾਨ ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।
2. ਸਾਲ 2018-19 ਤੋਂ ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿੱਚ ਪੁਨਰ-ਮੁਲਾਂਕਣ ਦੇ ਆਧਾਰ ਤੇ ਅਗਲੀ ਕਲਾਸ ਵਿੱਚ ਦਾਖਲਾ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਕਰਨ ਦੀ ਸੁਵਿਧਾ ਸਮੈਸਟਰ ਸਿਸਟਮ ਅਧੀਨ 14-9-2018 ਅਤੇ ਸਲਾਨਾ ਪ੍ਰਣਾਲੀ ਅਧੀਨ 31-11-2018 ਹੋਵੇਗੀ। ਇਸ ਉਪਰੰਤ ਪੁਨਰ-ਮੁਲਾਂਕਣ ਦੇ ਆਧਾਰ ਤੇ ਵੱਖ-ਵੱਖ ਕੋਰਸਾਂ (ਕੋਰਸਾਂ/ਸਲਾਨਾ ਪ੍ਰਣਾਲੀ) ਲੇਟ ਘੋਸ਼ਿਤ ਨਤੀਜੇ ਦੀ ਸੂਰਤ ਵਿੱਚ ਦਾਖ਼ਲੇ ਲਈ ਕੋਈ ਕੇਸ ਨਹੀਂ ਵਿਚਾਰਿਆ ਜਾਵੇਗਾ। ਸਪੱਸ਼ਟ ਕੀਤਾ ਜਾਂਦਾ ਹੈ ਕਿ ਅਜਿਹੇ ਕੇਸਾਂ ਵਿੱਚ ਸਲਾਨਾ ਪ੍ਰਣਾਲੀ ਅਧੀਨ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰਿਟਰਨ/ਪ੍ਰੀਖਿਆ ਫਾਰਮ ਭਰਨ ਦੀ ਆਖਰੀ ਮਿਤੀ ਬਿਨ੍ਹਾਂ ਲੇਟ ਫ਼ੀਸ ਦਾਖ਼ਲੇ ਦੀ ਮਿਤੀ ਤੋਂ 5 ਦਿਨਾਂ ਦੇ ਅੰਦਰ-ਅੰਦਰ ਅਤੇ ਇਸ ਉਪਰੰਤ ਬਣਦੀ ਲੇਟ ਫ਼ੀਸ ਵਸੂਲ ਕੀਤੀ ਜਾਵੇਗੀ।

**ਗੈਪ ਕੇਸ (Gap Case) ਸੰਬੰਧੀ :-**

ੳ) ਪੜ੍ਹਾਈ ਵਿੱਚ ਗੈਪ ਕੇਸ ਵਾਲੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਸੀਟਾਂ ਦੀ ਉਪਲਬੱਧਤਾ ਅਤੇ ਯੂਨੀਵਰਸਿਟੀ ਨਿਯਮਾਂ ਦੇ ਅਧਾਰ ਤੇ ਦਾਖਲਾ ਦਿੱਤਾ ਜਾਵੇਗਾ।

ਅ) ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਗੈਪ ਪੈਣ ਸੰਬੰਧੀ ਕਾਰਣ ਦਰਸਾਉਂਦਾ ਸਵੈ-ਘੋਸ਼ਿਤ ਬਿਆਨ ਦਾਖਲਾ ਫਾਰਮ ਨਾਲ ਨੱਥੀ ਕਰਨਾ ਪਵੇਗਾ।

ੲ) ਤਤਕਾਲੀਨ ਆਚਰਣ ਸਰਟੀਫਿਕੇਟ ਜੋ ਕਿਸੇ ਸਮਰੱਥ ਅਧਿਕਾਰੀ (ਗਜ਼ਟਿਡ ਅਫ਼ਸਰ / ਸਰਪੰਚ / ਮਿਉਂਸਪਲ ਕਮਿਸ਼ਨਰ) ਨੇ ਜਾਰੀ ਕੀਤਾ ਹੋਵੇ, ਨਾਲ ਲਗਾਉਣਾ ਪਵੇਗਾ।

**ਸੀਟਾਂ ਦਾ ਰਾਖਵਾਂਕਰਣ (Reservation of seats)**

- **ਰਾਖਵੀਆਂ ਸੀਟਾਂ ਵਿਚ ਦਾਖਲਾ ਸਰਕਾਰ ਵੱਲੋਂ ਜਾਰੀ ਰਾਖਵੇ ਕੋਟੇ ਅਨੁਸਾਰ ਕੀਤਾ ਜਾਵੇਗਾ ਜੋ ਇਸ ਪ੍ਰਕਾਰ ਹੈ –** ਅਨੁਸੂਚਿਤ ਜਾਤੀਆਂ 25%, ਪਛੜੀਆਂ ਸ਼੍ਰੇਣੀਆਂ 10%, ਆਰਮਡ ਫੋਰਸ / ਸੀ.ਆਰ.ਪੀ.ਐਫ਼./ਬੀ.ਐਸ.ਐਫ਼/ਪੁਲਿਸ ਵਿੱਚ ਕੰਮ ਕਰ ਰਹੇ ਸੇਵਾ ਮੁਕਤ ਕਰਮਚਾਰੀਆਂ ਦੇ ਬੱਚਿਆਂ ਲਈ 2%, ਖਿਡਾਰੀਆਂ ਲਈ 2%, ਅਪੰਗ ਵਿਅਕਤੀਆਂ 3%, ਅਧਿਆਪਕਾਂ/ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੇ ਬੱਚਿਆਂ ਲਈ 2%, ਖਾੜਕੂਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ਅੰਦਰੂਨੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਲਈ 2%। ਖਿਡਾਰੀਆਂ ਲਈ ਰਾਖਵੀਆਂ ਸੀਟਾਂ ਦੀ ਮੈਰਿਟ ਖੇਡਾਂ ਵਿੱਚ ਪ੍ਰਾਪਤੀ ਮੰਨੀ ਜਾਵੇਗੀ ਨਾ ਕਿ ਪ੍ਰਾਪਤ ਕੀਤੇ ਅੰਕ ਪਰ ਘੱਟ ਤੋਂ ਘੱਟ ਯੋਗਤਾ ਦੇ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਇਸ ਤੋਂ ਇਲਾਵਾ ਰਾਖਵੀਆਂ ਸੀਟਾਂ ਸੰਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਪੂਰੀ ਤਰ੍ਹਾਂ ਲਾਗੂ ਕੀਤੀਆਂ ਜਾਣਗੀਆਂ।

**ਦਾਖਲਾ ਫਾਰਮ ਭਰਦੇ ਸਮੇਂ ਧਿਆਨ ਦੇਣ ਯੋਗ ਹਦਾਇਤਾਂ : (Instructions for filling the form)**

1. ਦਾਖ਼ਲਾ ਲੈਣ ਦੀ ਚਾਹਵਾਨ ਵਿਦਿਆਰਥਣਾਂ ਦਾਖਲਾ ਫਾਰਮ ਆਪਣੇ ਹੱਥਾਂ ਨਾਲ ਸਾਫ ਅਤੇ ਪੜ੍ਹਨ ਯੋਗ ਲਿਖਾਈ ਵਿਚ ਭਰੇ।
2. ਅਧੂਰੇ ਅਤੇ ਨਾ ਪੜ੍ਹੇ ਜਾ ਸਕਣ ਵਾਲੇ ਦਾਖ਼ਲਾ ਫਾਰਮ ਰੱਦ ਕਰ ਦਿੱਤੇ ਜਾਣਗੇ।
3. ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ। ਲਾਗੂ ਨਾ ਹੋਣ ਦੀ ਸੂਰਤ ਵਿੱਚ N.A. ਜਾਂ ਕਰਾਸ ਲਗਾਇਆ ਜਾਵੇ।
4. ਦਾਖ਼ਲਾ ਫਾਰਮ ਉੱਤੇ ਮਾਤਾ-ਪਿਤਾ, ਗਾਰਡੀਅਨ ਦੇ ਅਸਲੀ ਦਸਤਖ਼ਤ ਹੋਣੇ ਜ਼ਰੂਰੀ ਹਨ।
5. ਫਾਰਮ ਵਿੱਚ ਘਰ ਦਾ ਪੱਕਾ ਪਤਾ ਅਤੇ ਫੋਨ/ਮੋਬਾਇਲ ਨੰਬਰ ਸਾਫ਼-ਸਾਫ਼ ਭਰੇ ਜਾਣ ਤਾਂ ਜੋ ਸਮੇਂ-ਸਮੇਂ ਤੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਸਬੰਧੀ ਸੂਚਨਾ ਉਨ੍ਹਾਂ ਦੇ ਮਾਪਿਆਂ ਨੂੰ ਦਿੱਤੀ ਜਾ ਸਕੇ।
6. ਐਂਟੀ-ਰੈਗਿੰਗ ਫਾਰਮ, ਵੋਟਰ ਕਾਰਡ ਫਾਰਮ ਜੋ ਫਾਰਮ ਦੇ ਨਾਲ ਨੱਥੀ ਹਨ ਭਰਨੇ ਜ਼ਰੂਰੀ ਹੈ।
7. ਪਾਸਪੋਰਟ ਸਾਈਜ ਦੀਆਂ ਫੋਟੋਆਂ ਨਿਸਚਿਤ ਥਾਂਵਾਂ ਤੇ ਪੇਸਟ ਕਰਨੀਆਂ ਹਨ।
8. ਕਲਾਸਾਂ ਅਨੁਸਾਰ ਦਾਖ਼ਲੇ ਦਾ ਸਮਾਂ ਅਤੇ ਸਥਾਨ ਪ੍ਰਾਸਪੈਕਟਸ ਵਿੱਚ ਪੰਨਾ ਨੰ: 29 ਤੇ ਦਰਜ ਹੈ। ਇਸ ਸੰਬੰਧੀ ਕੋਈ ਵੱਖਰੀ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ।

**ਨਿਸ਼ਚਿਤ ਮਿਤੀ ਤੇ ਵਿਦਿਆਰਥਣ ਨੂੰ ਨਿੱਜੀ ਤੌਰ ਤੇ ਆਪਣਾ ਦਾਖ਼ਲਾ ਫਾਰਮ ਜਿਸ ਨਾਲ ਯੋਗਤਾ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲੱਗੀਆਂ ਹੋਣ ਅਤੇ ਅਸਲ ਸਰਟੀਫਿਕੇਟਾਂ ਸਮੇਤ ਦਾਖ਼ਲਾ ਕਮੇਟੀ ਦੇ ਸਾਹਮਣੇ ਪੇਸ਼ ਹੋਣਾ ਜ਼ਰੂਰੀ ਹੈ।**

**ਨੋਟ : ਕਿਸੇ ਵੀ ਕਲਾਸ/ਵਿਸ਼ੇ ਵਿੱਚ ਨਿਰਧਾਰਿਤ ਸੀਟਾਂ ਪੂਰੀਆਂ ਹੋਣ ਤੇ ਉਸ ਕਲਾਸ/ਵਿਸ਼ੇ ਵਿੱਚ ਦਾਖ਼ਲਾ ਬੰਦ ਕਰ ਦਿੱਤਾ ਜਾਵੇਗਾ।**

## ਦਾਖ਼ਲੇ ਸਮੇਂ ਲੋੜੀਂਦੇ ਦਸਤਾਵੇਜ਼ (Certificates needed at the time of Admission)

**ਦਾਖ਼ਲੇ ਸਮੇਂ ਉਮੀਦਵਾਰ ਹੇਠ ਲਿਖੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣ :**

- ਦਾਖ਼ਲਾ ਫਾਰਮ (Admission Form)
- ਬੋਰਡ ਵਲੋਂ ਜਾਰੀ 10+2 ਦਾ ਸਰਟੀਫਿਕੇਟ ਨੰਬਰਾਂ ਦੇ ਵੇਰਵੇ ਦਾ ਕਾਰਡ ਆਦਿ। (10+2 Certificate)
- ਜਨਮ ਮਿਤੀ ਦੇ ਸਬੂਤ ਵੱਜੋਂ ਦਸਵੀਂ ਦਾ ਅਸਲ ਪਾਸ ਸਰਟੀਫਿਕੇਟ। (D.O.B. Matric Certificate)
- ਉਮੀਦਵਾਰ ਨੇ ਜਿੱਥੋਂ ਪਿਛਲੀ ਪ੍ਰੀਖਿਆ ਪਾਸ ਕੀਤੀ ਹੋਵੇ ਉਸ ਸੰਸਥਾ ਦੇ ਮੁੱਖੀ ਵੱਲੋਂ ਆਚਰਣ ਸਰਟੀਫਿਕੇਟ। (Character Certificate)
- ਰਾਖਵੀਂ ਸ਼੍ਰੇਣੀ ਨਾਲ ਸਬੰਧਤ ਹੋਣ ਦਾ ਅਸਲ ਸਰਟੀਫਿਕੇਟ। (Reserved Category Certificate)
- ਪਾਤਰਤਾ ਸਰਟੀਫਿਕੇਟ ਜੋ ਲੋੜੀਂਦਾ ਹੋਵੇ। (Eligibility Certificate)
- ਬੈਂਕ ਖਾਤੇ ਦੀ ਕਾਪੀ ਦੀ ਨਕਲ। (Bank Account Proof)
- ਕਿਸੇ ਕਲੀਨੀਕਲ ਲੈਬਾਰਟਰੀ ਤੋਂ ਬਲੱਡ ਗਰੁੱਪ ਦਾ ਸਰਟੀਫਿਕੇਟ। (Blood Group Certificate)
- ਆਧਾਰ ਕਾਰਡ। (Aadhar Card)
- ਰਾਸ਼ਨ ਕਾਰਡ। (Ration Card)

ਵਿਦਿਆਰਥੀ ਸਾਰੇ ਜ਼ਰੂਰੀ ਦਸਤਾਵੇਜ਼ ਦੀਆਂ ਫੋਟੋ ਕਾਪੀਆਂ ਦਾ ਇੱਕ ਸੈੱਟ ਦਾਖ਼ਲਾ ਫਾਰਮ ਨਾਲ ਲਗਾਉਣਗੇ ਅਤੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣਗੇ।

**Online Admission :**

ਕਾਲਜ ਵਿੱਚ Online ਦਾਖ਼ਲੇ ਦੀ ਸੁਵਿਧਾ ਹੈ। ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ, ਕਾਲਜ ਦੀ Website : www.gcgpatiala.com ਤੇ ਜਾ ਕੇ Register ਹੋਣਗੇ। ਇਹ Registration ਲਾਜ਼ਮੀ ਹੈ। ਵਿਦਿਆਰਥੀ ਦਾਖਲਾ ਲੈਣ ਸਮੇਂ ਆਪਣਾ ਰਜਿਸਟ੍ਰੇਸ਼ਨ ਦਾ Print out, ਫਾਰਮ, ਦਸਤਾਵੇਜ਼ ਦੀਆਂ ਫੋਟੋ ਕਾਪੀਆਂ ਅਤੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣਗੇ।

## ਵਿਸ਼ਾ ਜੁੱਟ

1. **ਐਮ.ਏ. ਅਤੇ ਐਮ.ਐਸ.ਸੀ. (M.A. & M.Sc.)**

ੳ ਐਮ.ਏ. ਸੰਗੀਤ (ਗਾਇਨ), ਫਾਈਨ ਆਰਟਸ ਭਾਗ ਪਹਿਲਾ ਵਿੱਚ ਦਾਖਲੇ ਲਈ ਬੀ.ਏ. ਵਿੱਚ 50% ਨੰਬਰ ਸੰਬੰਧਿਤ ਵਿਸ਼ੇ ਵਿੱਚ ਅਤੇ ਸਮੁੱਚੇ ਤੌਰ 'ਤੇ ਵੀ 50% ਨੰਬਰ (ਅਨੁਸੂਚਿਤ ਜਾਤੀਆਂ ਲਈ 45%) ਜ਼ਰੂਰੀ ਹਨ। ਐਮ.ਏ. ਡਾਂਸ ਵਿੱਚ ਕਿਸੇ ਵੀ ਵਿਸ਼ੇ ਵਾਲਾ ਵਿਦਿਆਰਥੀ ਦਾਖਲਾ ਲੈ ਸਕਦਾ ਹੈ।

2. **ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ (M.Sc. Food and Nutrition)**

ੳ. ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ ਭਾਗ ਪਹਿਲਾ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥਣ ਦਾ

**B.Sc. Home Science/B.Sc. (Medical/Non Medical/B.Sc. Biotechnology (Hons.) /B.Sc. Microbiology/B.Sc. Microbial and Food Technology/B.Sc. Food Science & Technology ਵਿੱਚੋਂ ਘੱਟੋ-ਘੱਟ 50% ਅੰਕਾਂ ਨਾਲ ਪਾਸ ਹੋਣਾ ਜ਼ਰੂਰੀ ਹੈ।**

ਅ. ਇਸ ਕੋਰਸ ਵਿੱਚ ਦਾਖ਼ਲਾ ਮੈਰਿਟ ਦੇ ਆਧਾਰ 'ਤੇ ਹੋਵੇਗਾ।

ੲ. ਇਸ ਕੋਰਸ ਲਈ ਚੁਣੇ ਹੋਏ ਉਮੀਦਵਾਰ ਨਿਸ਼ਚਿਤ ਸਮੇਂ ਅੰਦਰ ਫ਼ੀਸ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਉਹ ਅਜਿਹਾ ਨਹੀਂ ਕਰੇਗਾ ਤਾਂ ਉਸਦੀ ਸੀਟ ਮੈਰਿਟ ਦੇ ਆਧਾਰ ਉੱਤੇ ਅਗਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ। ਕਿਸੇ ਉਮੀਦਵਾਰ ਨੂੰ ਵਿਅਕਤੀਗਤ ਤੌਰ 'ਤੇ ਇਤਲਾਹ ਨਹੀਂ ਦਿੱਤੀ ਜਾਵੇਗੀ।

ਸ. ਐਮ.ਐਸ.ਸੀ. ਭਾਗ ਦੂਜਾ ਵਿੱਚ 6 ਹਫ਼ਤੇ ਦੀ ਇਨਟਰਨਸ਼ਿਪ ਕਿਸੇ ਵੀ ਮਾਨਤਾ ਪ੍ਰਾਪਤ ਹਸਪਤਾਲ ਵਿਖੇ ਕਰਨੀ ਹੋਵੇਗੀ। ਇਸ ਦਾ ਖਰਚਾ ਅਤੇ ਰਹਿਣ ਦਾ ਪ੍ਰਬੰਧ ਵਿਦਿਆਰਥਣਾਂ ਆਪ ਕਰਨਗੀਆਂ।

3. **ਬੀ.ਐਸ.ਸੀ. (ਮੈਡੀਕਲ) ਗਰੁੱਪ :**

ਭਾਗ-ਪਹਿਲਾ : ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕੈਮਿਸਟਰੀ, ਬਾਟਨੀ, ਜੁਆਲੋਜੀ

ਭਾਗ-ਦੂਜਾ : ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਅੰਗਰੇਜ਼ੀ (ਸੰਚਾਰ ਯੋਗਤਾ), ਕੈਮਿਸਟਰੀ, ਬਾਟਨੀ, ਜੁਆਲੋਜ਼ੀ

ਭਾਗ-ਤੀਜਾ : ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕੈਮਿਸਟਰੀ, ਬਾਟਨੀ, ਜੁਆਲੋਜੀ

4. **ਬੀ.ਐਸ.ਸੀ. (ਨਾਨ-ਮੈਡੀਕਲ ਵਿਦ ਕੰਪਿਊਟਰ ਸਾਇੰਸ) ਗਰੁੱਪ :**

ਭਾਗ-ਪਹਿਲਾ : ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕੰਪਿਊਟਰ ਸਾਇੰਸ, ਫਿਜ਼ਿਕਸ, ਮੈਥਸ, (Drug Abuse)

ਭਾਗ-ਦੂਜਾ : ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਅੰਗਰੇਜ਼ੀ (ਸੰਚਾਰ ਯੋਗਤਾ), ਕੰਪਿਊਟਰ ਸਾਇੰਸ, ਫਿਜ਼ਿਕਸ, ਮੈਥਸ, ਵਾਤਾਵਰਣ ਅਤੇ ਰੋਡ ਸੇਫਟੀ

ਭਾਗ-ਤੀਜਾ : ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕੰਪਿਊਟਰ ਸਾਇੰਸ, ਫਿਜ਼ਿਕਸ, ਮੈਥਸ, ਵਾਤਾਵਰਣ ਅਤੇ ਰੋਡ ਸੇਫ਼ਟੀ।

5. **ਬੀ.ਐਸ.ਸੀ. (ਹੋਮ ਸਾਇੰਸ) B.Sc. (Home Science)**

Eligibility for Admission to B.Sc. Home Science

10+2 Examination of Punjab School Education Board or any other Examination recognized as equivalent to in any stream with English as one of the compulsory subjects.

ਇਨ੍ਹਾਂ ਕੋਰਸਾਂ ਵਿੱਚ ਪੰਜਾਬੀ ਵਾਸੀਆਂ ਨੂੰ ਦਾਖ਼ਲਾ ਪਹਿਲ ਦੇ ਆਧਾਰ ਤੇ ਮਿਲੇਗਾ। ਵਿਦਿਆਰਥਣ ਦਾਖ਼ਲੇ ਸਮੇਂ ਸਬੂਤ ਅਤੇ

ਸਮੱਰਥ ਅਧਿਕਾਰੀ ਤੋਂ ਪ੍ਰਾਪਤ ਕੀਤਾ ਪ੍ਰਮਾਣ ਪੱਤਰ (ਜੋ ਕਿ ਇਕ ਸਾਲ ਤੋਂ ਵੱਧ ਪੁਰਾਣਾ ਨਾ ਹੋਵੇ) ਲੈ ਕੇ ਆਵੇ।

ਚੁਣੇ ਹੋਏ ਉਮੀਦਵਾਰਾਂ ਦੀ ਲਿਸਟ ਨੋਟਿਸ ਬੋਰਡ ਉੱਤੇ ਲਗਾਈ ਜਾਵੇਗੀ। ਕਿਸੇ ਵੀ ਉਮੀਦਵਾਰ ਨੂੰ ਇਸ ਬਾਰੇ ਵਿਅਕਤੀਗਤ ਤੌਰ ਤੇ ਇਤਲਾਹ ਦੇਣ ਦੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ। ਮਿੱਥੇ ਸਮੇਂ ਤੱਕ ਫ਼ੀਸ ਨਾ ਭਰਨ ਵਾਲੀ ਵਿਦਿਆਰਥਣ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਦੀ ਸੀਟ ਯੋਗਤਾ ਦੇ ਆਧਾਰ ਤੇ ਅਗਲੇ ਉਮੀਦਵਾਰ ਨੂੰ ਦਿੱਤੀ ਜਾਵੇਗੀ।

ਬੀ.ਐਸ.ਸੀ. ਹੋਮ ਸਾਇੰਸ ਭਾਗ I, II ਅਤੇ III ਜਮਾਤ ਲਈ ਨਿਰਧਾਰਿਤ ਸਾਰੇ ਵਿਸ਼ੇ ਲੈਣੇ ਲਾਜ਼ਮੀ ਹਨ।

6. **ਬੀ.ਏ. (B.A.) ਭਾਗ-ਪਹਿਲਾ, ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਲਈ ਹੇਠ ਲਿਖੇ ਦੇ ਵਿਸ਼ੇ ਲਾਜ਼ਮੀ ਹੋਣਗੇ। :**
   1. ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
   2. ਅੰਗ੍ਰੇਜ਼ੀ (ਸੰਚਾਰ ਯੋਗਤਾ)

## ਅਤਿ ਜ਼ਰੂਰੀ

- **ਗਲਤ ਵਿਸ਼ਾ ਚੁਣਨ ਲਈ ਵਿਦਿਆਰਥਣ ਆਪ ਜ਼ਿੰਮੇਵਾਰ ਹੋਵੇਗੀ।**
- ਪੰਜਾਬੀ ਲਾਜ਼ਮੀ/ਮੁੱਢਲਾ ਗਿਆਨ ਅਤੇ ਅੰਗ੍ਰੇਜ਼ੀ ਤੋਂ ਇਲਾਵਾ ਤਿੰਨ ਵਿਸ਼ੇ ਹੇਠ ਲਿਖੇ ਗਰੁੱਪ ਵਿਚੋਂ ਚੁਣਨੇ ਹੋਣਗੇ। ਇੱਕ ਗਰੁੱਪ ਵਿਚੋਂ ਕੇਵਲ ਇੱਕ ਵਿਸ਼ਾ ਲਿਆ ਜਾ ਸਕਦਾ ਹੈ।
- ਕੇਵਲ ਦੋ ਪ੍ਰੈਕਟੀਕਲ ਵਿਸ਼ੇ ਲਏ ਜਾ ਸਕਦੇ ਹਨ ਡਾਰਕ ਕੀਤੇ ਵਿਸ਼ੇ ਪ੍ਰੈਕਟੀਕਲ ਵਿਸ਼ੇ ਹਨ।

### ਬੀ.ਏ. ਭਾਗ ਤੀਜਾ ਲਈ ਵਿਸ਼ਾ ਜੋੜ ਸਾਲ 2018-19

| ਗਰੁੱਪ 1 | ਗਰੁੱਪ 2 | ਗਰੁੱਪ 3 | ਗਰੁੱਪ 4 |
|---|---|---|---|
| ਅੰਗਰੇਜ਼ੀ ਲਿਟਰੇਚਰ | ਅਰਥ ਸ਼ਾਸਤਰ | ਇਤਿਹਾਸ | ਪੋਲੀਟੀਕਲ ਸਾਇੰਸ |
| ਪੰਜਾਬੀ ਲਿਟਰੇਚਰ | **ਫਾਈਨ ਆਰਟਸ** | ਗਣਿਤ | **ਜੋਗਰਾਫੀ** |
| ਹਿੰਦੀ ਲਿਟਰੇਚਰ | **ਫੋਕ ਆਰਟ ਐਂਡ ਕਲਚਰ** | **ਮਨੋਵਿਗਿਆਨ** | ਸਟੈਟਿਸਟਿਕਸ |
| ਸੰਸਕ੍ਰਿਤ ਲਿਟਰੇਚਰ | ਸ਼ੋਸਿਆਲਜੀ | **ਫ਼ਿਲਾਸਫ਼ੀ** | **ਡਾਂਸ** |
| | **ਫੰਕਸ਼ਨਲ ਇੰਗਲਿਸ਼** | **ਸਰੀਰਿਕ ਸਿੱਖਿਆ** | **ਸੰਗੀਤ (ਗਾਇਨ)** |
| | | **ਹੋਮ ਸਾਇੰਸ** | **ਕੰਪਿਊਟਰ ਐਪਲੀਕੇਸ਼ਨ** |
| | | **ਸੰਗੀਤ (ਵਾਦਨ)** | |

### ਬੀ.ਏ. ਭਾਗ ਪਹਿਲਾ ਅਤੇ ਦੂਜਾ ਦੇ ਵਿਦਿਆਰਥਣਾਂ ਲਈ ਵਿਸ਼ਾ ਜੋੜ ਸਾਲ 2018-19

| ਗਰੁੱਪ 1 | ਗਰੁੱਪ 2 | ਗਰੁੱਪ 3 | ਗਰੁੱਪ 4 |
|---|---|---|---|
| ਅੰਗਰੇਜ਼ੀ ਲਿਟਰੇਚਰ | ਅਰਥ ਸ਼ਾਸਤਰ | ਇਤਿਹਾਸ | ਪੋਲੀਟੀਕਲ ਸਾਇੰਸ |
| ਪੰਜਾਬੀ ਲਿਟਰੇਚਰ | **ਫਾਈਨ ਆਰਟਸ** | ਗਣਿਤ | **ਜੋਗਰਾਫੀ** |
| ਹਿੰਦੀ ਲਿਟਰੇਚਰ | **ਸਰੀਰਕ ਸਿੱਖਿਆ** | **ਮਨੋਵਿਗਿਆਨ** | ਸਟੈਟਿਸਟਿਕਸ |
| ਸੰਸਕ੍ਰਿਤ ਲਿਟਰੇਚਰ | **ਫੋਕ ਆਰਟ ਐਂਡ ਕਲਚਰ** | **ਸੰਗੀਤ (ਗਾਇਨ)** | **ਹੋਮ ਸਾਇੰਸ** |
| | ਸੋਸ਼ਿਆਲਜੀ | ਫ਼ਿਲਾਸਫ਼ੀ | **ਫੰਕਸ਼ਨਲ ਇੰਗਲਿਸ਼** |
| | **ਕੰਪਿਊਟਰ ਐਪਲੀਕੇਸ਼ਨ** | | **ਡਾਂਸ** |
| | | | **ਸੰਗੀਤ (ਵਾਦਨ)** |

**ਵਿਸ਼ਾਂ ਬਦਲੀ ਸੰਬੰਧੀ ਜ਼ਰੂਰੀ ਸੂਚਨਾ**

**ਬੀ.ਏ. ਸਮੈਸਟਰ ਪਹਿਲਾ ਵਿੱਚ ਇੱਕ ਚੋਣਵਾਂ ਵਿਸ਼ਾ ਦਾਖਲੇ ਦੀ ਮਿਤੀ ਤੋਂ 2 ਹਫ਼ਤਿਆਂ ਦੇ ਅੰਦਰ-ਅੰਦਰ ਹੀ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ. ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵਲੋਂ ਵਿਚਾਰਿਆ ਜਾਵੇਗਾ।**

**ਜ਼ਰੂਰੀ ਨੋਟ :**

1. ਹੋਮ ਸਾਇੰਸ ਨਾਲ ਸਰੀਰਿਕ ਸਿੱਖਿਆ ਵਿਸ਼ਾ ਨਹੀਂ ਲਿਆ ਜਾ ਸਕਦਾ।
2. ਜੋਗਰਫੀ ਨਾਲ ਸੰਗੀਤ ਗਾਇਨ, ਫਾਈਨ ਆਰਟਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ੇ ਨਹੀਂ ਲੈ ਸਕਦੇ।
3. ਫੰਕਸ਼ਨਲ ਇੰਗਲਿਸ਼ ਨਾਲ ਸੋਸ਼ਿਆਲੋਜੀ ਵਿਸ਼ਾ ਨਹੀਂ ਲਿਆ ਜਾ ਸਕਦਾ।
4. ਸਟੈਟਿਸਟਿਕਸ ਅਤੇ ਗਣਿਤ ਉਹ ਵਿਦਿਆਰਥਣ ਲੈ ਸਕਦੀ ਹੈ ਜਿਸਨੇ 10+2 ਗਣਿਤ ਨਾਲ ਪਾਸ ਕੀਤੀ ਹੋਵੇ।
5. ਜਿਸ ਵਿਸ਼ੇ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਸ ਤੋਂ ਘੱਟ ਹੋਵੇਗੀ ਉਹ ਵਿਸ਼ਾ ਨਹੀਂ ਪੜਾਇਆ ਜਾਵੇਗਾ।
6. ਬੀ.ਏ. ਭਾਗ ਪਹਿਲਾ ਵਿੱਚ ਫਿਜ਼ੀਕਲ ਐਜੂਕੇਸ਼ਨ ਵਿਸ਼ਾ ਲੈਣ ਵਾਲੀਆਂ ਵਿਦਿਆਰਥਣਾਂ ਦਾਖਲੇ ਸਮੇਂ ਆਪਣੇ ਖੇਡਾਂ ਦੇ ਸਰਟੀਫਿਕੇਟ ਨਾਲ ਲੈ ਕੇ ਆਉਣਗੀਆਂ ਅਤੇ ਉਹਨਾਂ ਨੂੰ ਪਹਿਲ ਵੀ ਦਿੱਤੀ ਜਾਵੇਗੀ।
7. ਬੀ.ਏ. ਭਾਗ ਪਹਿਲਾ (ਸਮੈਸਟਰ ਦੂਜਾ) ਵਿੱਚ ਪੰਜ ਵਿਸ਼ਿਆਂ ਤੋਂ ਇਲਾਵਾ ਹਰ ਵਿਦਿਆਰਥਣ ਲਈ Drug Abuse ਵਿਸ਼ੇ ਦਾ ਪੇਪਰ ਦੇਣਾ ਜ਼ਰੂਰੀ ਹੋਵੇਗਾ।
8. ਬੀ.ਏ. ਭਾਗ ਦੂਜਾ (ਚੌਥੇ ਸਮੈਸਟਰ) ਵਿੱਚ ਪੰਜ ਵਿਸ਼ਿਆਂ ਤੋਂ ਬਿਨਾਂ ਹਰ ਵਿਦਿਆਰਥੀਆਂ ਲਈ ਵਾਤਾਵਰਣ ਵਿਗਿਆਨ (Environment Science) ਵਿਸ਼ੇ ਦਾ ਪੇਪਰ ਦੇਣਾ ਜ਼ਰੂਰੀ ਹੋਵੇਗਾ।
9. ਪੰਜਾਬੀ ਲਾਜ਼ਮੀ ਦੀ ਥਾਂ ਮੁੱਢਲਾ ਗਿਆਨ (Mudhla Gyan in Lieu of Punjabi Compulsory) ਸਬੰਧੀ ਨਿਯਮ ਪੰਨਾ ਨੰ: 09 ਤੋਂ ਪੜੇ ਜਾਣ।

# ਰੈਗੂਲਰ ਕੋਰਸਾਂ : ਸੈਸ਼ਨ (2017-18) ਦੀ ਕਲਾਸ ਵਾਈਜ਼ ਲਈ ਜਾਣ ਵਾਲੀ ਫ਼ੀਸ ਦਾ ਵੇਰਵਾ :-

| ਕੋਰਸ | Punjabi Univ./Punjab Board/Haryana/ Himachal Board | Student of Other Board/ University |
|---|---|---|
| ਬੀ.ਏ. ਭਾਗ ਪਹਿਲਾ | =7839 | =7989 |
| ਬੀ.ਏ. ਭਾਗ ਦੂਜਾ | =6539 | =6689 |
| ਬੀ.ਏ. ਭਾਗ ਤੀਜਾ | =6539 | =6689 |
| ਬੀ.ਐਸ.ਸੀ. ਕੰਪਿਊਟਰ ਐਪ. (ਨਾਨ-ਮੈਡੀਕਲ) ਭਾਗ ਪਹਿਲਾ | =10663 | =10813 |
| ਬੀ.ਐਸ.ਸੀ. ਕੰਪਿਊਟਰ ਐਪ. (ਨਾਨ-ਮੈਡੀਕਲ) ਭਾਗ ਦੂਜਾ | =9363 | =9513 |
| ਬੀ.ਐਸ.ਸੀ. ਕੰਪਿਊਟਰ ਐਪ. (ਨਾਨ-ਮੈਡੀਕਲ) ਭਾਗ ਤੀਜਾ | =9363 | =9513 |
| ਬੀ.ਐਸ.ਸੀ. ਹੋਮ ਸਾਇੰਸ ਭਾਗ ਪਹਿਲਾ | =9311 | =9461 |
| ਬੀ.ਐਸ.ਸੀ. ਹੋਮ ਸਾਇੰਸ ਭਾਗ ਦੂਜਾ | =8227 | =8377 |
| ਬੀ.ਐਸ.ਸੀ. ਹੋਮ ਸਾਇੰਸ ਭਾਗ ਤੀਜਾ | =8227 | =8377 |
| ਬੀ.ਐਸ.ਸੀ. ਮੈਡੀਕਲ ਭਾਗ ਪਹਿਲਾ | =9191 | =9341 |
| ਬੀ.ਐਸ.ਸੀ. ਮੈਡੀਕਲ ਭਾਗ ਦੂਜਾ | =7891 | =8041 |
| ਬੀ.ਐਸ.ਸੀ. ਮੈਡੀਕਲ ਭਾਗ ਤੀਜਾ | =7891 | =8041 |
| ਐਮ.ਏ. ਭਾਗ ਪਹਿਲਾ | =8189 | =8339 |
| ਐਮ.ਏ. ਭਾਗ ਦੂਜਾ | =8189 | =8339 |
| ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ ਭਾਗ ਪਹਿਲਾ | =10329 | =10479 |
| ਐਮ.ਐਸ.ਸੀ. ਫੂਡ ਐਂਡ ਨਿਊਟ੍ਰੀਸ਼ਨ ਭਾਗ ਦੂਜਾ | =9029 | =9179 |

**ਇਸ ਤੋਂ ਇਲਾਵਾ :**

1. ਸਕੂਟਰ/ਮੋਪਡ ਲਈ 60/- ਰੁ: ਸਲਾਨਾ ਵਾਧੂ ਚਾਰਜ ਕੀਤੇ ਜਾਣਗੇ ਅਤੇ ਪਾਰਕਿੰਗ ਦਾ ਕੂਪਨ ਦਿੱਤਾ ਜਾਵੇਗਾ ਬਿਨ੍ਹਾਂ ਕੂਪਨ ਤੋਂ ਪਾਰਕ ਕੀਤੇ ਵਹੀਕਲ ਤੇ 1000/- ਰੁ: ਜੁਰਮਾਨਾ ਕੀਤਾ ਜਾਵੇਗਾ।
2. ਸਾਈਕਲ ਲਈ 24/- ਰੁ: ਸਲਾਨਾ ਵਾਧੂ ਚਾਰਜ ਕੀਤੇ ਜਾਣਗੇ।
3. ਪ੍ਰੈਕਟੀਕਲ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਤੋਂ 84/- ਰੁ: ਸਲਾਨਾ ਪ੍ਰਤੀ ਪ੍ਰੈਕਟੀਕਲ ਵਿਸ਼ਾ ਫੰਡ ਅਤੇ 550/- ਰੁ: ਪ੍ਰੈਕਟੀਕਲ ਫੀਸ ਵਜੋਂ ਲਏ ਜਾਣਗੇ।
4. ਹੋਸਟਲ ਲੈਣ ਵਾਲੇ ਵਿਦਿਆਰਥਣਾਂ ਤੋਂ 7326/- ਰੁ: ਸਲਾਨਾ ਹੋਸਟਲ ਫੀਸ ਵਜੋਂ ਚਾਰਜ ਕੀਤੇ ਜਾਂਦੇ ਹਨ ਜਿਸ ਵਿੱਚੋਂ 1000/- ਰੁ: ਸਕਿਓਰਟੀ ਰਿਫੰਡੇਬਲ ਹੈ। ਹੋਸਟਲ ਦੀ ਫ਼ੀਸ ਇਕ ਵਾਰ ਭਰਨ ਤੋਂ ਬਾਅਦ ਵਾਪਿਸ ਨਹੀਂ ਹੋਵੇਗੀ।
5. ਕੰਪਿਊਟਰ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਤੋਂ 1640/- ਰੁ: ਸਲਾਨਾ ਅਤੇ ਫੰਕਸ਼ਨਲ ਇੰਗਲਿਸ਼ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਤੋਂ 1200/- ਰੁ: ਸਲਾਨਾ ਚਾਰਜ ਕੀਤੇ ਜਾਣਗੇ।

**ਨੋਟ : ਜੇ ਸਰਕਾਰ ਵੱਲੋਂ ਕਿਸੇ ਸਮੇਂ ਫੀਸ/ਪੀ.ਟੀ.ਏ. ਫੰਡ/ਯੂਨੀਵਰਸਿਟੀ ਫੰਡ ਵਿੱਚ ਕੋਈ ਵਾਧਾ ਜਾਂ ਘਾਟਾ ਕੀਤਾ ਜਾਂਦਾ ਹੈ ਤਾਂ ਉਸ ਅਨੁਸਾਰ ਫੀਸ ਲਈ ਜਾਵੇਗੀ।**

# HIGHER EDUCATION INSTITUTE SOCIETY (HEIS)

**Attractions :-**

- Newly built Computer block
- AC Computer Labs
- Fully Equipped labs
- Smart Classrooms
- Virtual Classroom
- Qualified Staff
- Latest Computers and Licensed Software
- Lush Green Gardens.
- Wi-Fi Campus.

**The College Offers the following courses under (HEIS)**

1) BCA (Seats 40, VI Semesters) Preference will be given to students with Maths background. Other criteria of admission are same as of BA

2) PGDCA (Seats 30, II Semesters) Eligibility Graduation.

3) MSc (IT) Lateral Entry (Seats 30, II Semesters) Eligibility (PGDCA)

4) MSc (IT) Regular (Seats 30, IV Semesters) Eligibility Graduation Arts / Science / Commerce / Computer Application

5) BSc Biotechnology (Hons.) (Seats 40, VI Semesters) Eligibility 10+2 Med. or Non Med.

# Fee Structure (2017-18) For Self Finance Courses

| | | | |
|---|---|---|---|
| BCA I | 27,426 | BSc (Biotech) Hons I | 26039 |
| BCA II | 24,956 | BSc (Biotech) Hons II | 23712 |
| BCA III | 24,956 | BSc (Biotech) Hons III | 23719 |
| PGDCA | 20,684 | | |
| MSc IT (I) | 27,696 | | |
| MSc IT (II) | 26,526 | | |
| MSc IT (Lateral Entry) | 30,836 | | |

| | | |
|---|---|---|
| ਮਾਈਗ੍ਰੇਸ਼ਨ ਫੀਸ ਜੇ ਲਾਗੂ ਹੋਵੇ | | ਜੇ ਲਾਗੂ ਹੋਵੇ |
| (ਬਾਹਰਲੇ ਬੋਰਡਾਂ ਤੋਂ) | 150/- ਰੁ: | ਸਕੂਟਰ ਫੰਡ 60/- ਰੁ: |
| (ਬਹਰਲੀਆਂ ਯੂਨੀਵਰਸਿਟੀਆਂ ਤੋਂ) | | ਸਾਈਕਲ ਫੰਡ 24/- ਰੁ: |

ਜੇ ਯੂਨੀਵਰਸਿਟੀ/ਕਾਲਜ ਵੱਲੋਂ ਫੀਸ/ਪੀ.ਟੀ.ਏ ਫੰਡ ਦਾ ਵਾਧਾ/ਘਾਟਾ ਕੀਤਾ ਗਿਆ ਤਾਂ ਉਸਦੇ ਅਨੁਸਾਰ ਵਿਦਿਆਰਥੀ ਤੋਂ ਫੀਸ ਲਈ ਜਾਵੇਗੀ।

**ਫ਼ੀਸ ਅਦਾਇਗੀ ਦੇ ਨਿਯਮ (Rules regarding payment of fees)**

ਵਿਦਿਆਰਥਣ ਦਾਖ਼ਲਾ ਫ਼ੀਸ ਦੀ ਵਿਸ਼ੇਸ਼ ਸਲਿਪ ਚਾਰ ਪੜ੍ਹਤਾਂ ਵਿੱਚ ਕਾਲਜ ਦੇ ਫ਼ੀਸ ਕਾਊਂਟਰ ਤੋਂ ਪ੍ਰਾਪਤ ਕਰਕੇ ਬੈਂਕ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਇਕ ਕਾਪੀ ਕਾਲਜ ਵਿੱਚ ਵਾਪਿਸ ਜਮ੍ਹਾਂ ਕਰਵਾ ਦੇਵੇਗੀ। ਹਰ ਕਲਾਸ ਦੀ ਫ਼ੀਸ ਦਾ ਵੇਰਵਾ ਇਸ ਪ੍ਰਾਸਪੈਕਟਸ ਦੇ ਪੰਨਾਂ ਨੰਬਰ 14 ਤੇ ਦਿੱਤਾ ਗਿਆ ਹੈ। ਫੰਡ, ਫ਼ੀਸ ਤੇ ਜੁਰਮਾਨੇ ਮਿੱਥੀ ਮਿਤੀ ਤੱਕ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਂ ਕਾਲਜ ਰੋਲਜ਼ ਤੋਂ ਕੱਟ ਦਿੱਤਾ ਜਾਵੇਗਾ। ਇਸ ਸੰਬੰਧ ਵਿੱਚ ਦੁਬਾਰਾ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ। **ਦਾਖ਼ਲਾ ਹੋਣ ਉਪਰੰਤ ਫ਼ੀਸ ਚਲਾਨ ਰਾਹੀਂ ਉਸੇ ਦਿਨ ਹੀ ਜਮ੍ਹਾਂ ਹੋਵੇਗੀ।**

**ਫ਼ੀਸ ਰੀਫੰਡ ਕਰਨ ਸੰਬੰਧੀ ਨਿਯਮ (Rules regarding refund of fees)**

ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰਬਰ 16298-16505/ਕਾਲਜ/ਜੀ.ਸੀ. 6 ਮਿਤੀ : 27-11-2014 ਅਨੁਸਾਰ ਵਿਦਿਆਰਥੀ ਵੱਲੋਂ ਦਾਖ਼ਲ ਲੈਣ ਉਪਰੰਤ ਕਿਸੇ ਕਾਰਨ ਕਾਲਜ ਛੱਡ ਜਾਣ ਦੀ ਸੂਰਤ ਵਿੱਚ ਦਾਖ਼ਲਾ ਫ਼ੀਸ ਰੀਫੰਡ ਕਰਨ ਸੰਬੰਧੀ ਨਿਯਮ ਹੇਠ ਲਿਖੇ ਹਨ :

1. ਜੇਕਰ ਕੋਈ ਵਿਦਿਆਰਥੀ ਕਾਲਜ/ਕਿਸੇ ਕੋਰਸ ਵਿੱਚ ਦਾਖ਼ਲਾ ਲੈਣ ਉਪਰੰਤ ਕੋਰਸ ਸ਼ੁਰੂ ਹੋਣ ਤੋਂ ਪਹਿਲਾਂ withdraw ਕਰ ਲੈਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਜਮ੍ਹਾਂ ਕਰਵਾਈ ਗਈ ਟਿਊਸ਼ਨ ਫ਼ੀਸ ਵਿੱਚੋਂ 10% ਪਰ ਵੱਧ ਤੋਂ ਵੱਧ 1000/- ਰੁਪਏ ਪ੍ਰੋਸੈਸਿੰਗ ਫ਼ੀਸ ਕੱਟ ਕੇ ਬਾਕੀ ਵਾਪਸ ਕਰ ਦਿੱਤੀ ਜਾਵੇ। ਉਸ ਵਿਦਿਆਰਥੀ ਨੂੰ proportionate deductions ਉਪਰੰਤ ਬਾਕੀ ਦੀ ਫ਼ੀਸ ਜੇਕਰ ਕੋਈ ਹੋਵੇ ਤਾਂ ਵਾਪਸ ਕਰ ਦਿੱਤੀ ਜਾਵੇ। **ਉਹ ਵਿਦਿਆਰਥੀ ਜੋ ਦਾਖ਼ਲਾ ਖ਼ਤਮ ਹੋਣ ਅਰਥਾਤ ਦਾਖ਼ਲੇ ਦੀ ਆਖਰੀ ਮਿਤੀ ਤੋਂ ਬਾਅਦ ਕੋਰਸ ਛੱਡਦਾ ਹੈ ਤਾਂ ਉਸ ਵਿਦਿਆਰਥੀ ਨੂੰ ਕੋਈ ਫ਼ੀਸ/ਫੰਡ ਵਾਪਿਸ ਨਹੀਂ ਕੀਤੀ ਜਾਵੇਗਾ।**
2. ਜੇਕਰ ਵਿਦਿਆਰਥੀ ਵੱਲੋਂ ਦੋ ਕੋਰਸਾਂ ਦੀ ਫ਼ੀਸ ਵੱਖ-ਵੱਖ ਕਾਲਜਾਂ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ। ਤਾਂ ਉਸ ਨੂੰ ਇੱਕ ਕੋਰਸ ਦੀ ਫ਼ੀਸ (ਸਮੇਤ ਚੰਦੇ ਆਦਿ) ਵਾਪਿਸ ਕਰ ਦਿੱਤੀ ਜਾਵੇਗੀ। ਰੀਫੰਡ ਲਈ ਉਸ ਨੂੰ ਦੋਵੇਂ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਰਾਹੀਂ ਅਰਜ਼ੀ ਦੇਣੀ ਪਵੇਗੀ।
3. ਜੇਕਰ ਕੋਈ ਵਿਦਿਆਰਥੀ ਆਪਣੀ ਕੋਰਸ ਦੇ ਦੌਰਾਨ ਪੜ੍ਹਾਈ ਛੱਡ ਜਾਂਦਾ ਹੈ ਅਤੇ ਮੁੜ ਦਾਖ਼ਲਾ ਲੈਂਦਾ ਹੈ ਤਾਂ ਉਸਨੂੰ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਵੇਂ ਰੇਟਾਂ ਅਨੁਸਾਰ ਭਾਵ ਮੌਜੂਦਾ ਸ਼ੈਸ਼ਨ ਦੇ ਵਿਦਿਆਰਥੀਆਂ ਦੇ ਬਰਾਬਰ ਟਿਊਸ਼ਨ ਫ਼ੀਸ ਅਤੇ ਚੰਦੇ ਭਰਵਾਉਂਦੇ ਹੋਣਗੇ।
4. ਜੇਕਰ ਕੋਈ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਅਕਾਲ ਚਲਾਣਾ ਕਰ ਜਾਂਦਾ ਹੈ ਤਾਂ ਉਸ ਦੀ ਬਾਕੀ ਦੇ ਮਹੀਨਿਆਂ ਦੀ ਟਿਊਸ਼ਨ ਫ਼ੀਸ ਉਸ ਦੇ ਮਾਤਾ/ਪਿਤਾ ਜਾਂ ਉਸ ਦੇ ਪਤੀ/ਪਤਨੀ ਜਿਵੇਂ ਵੀ ਹੋਵੇ ਰੀਫੰਡ ਕਰ ਦਿੱਤੀ ਜਾਵੇਗੀ। ਇਹ ਅਦਾਇਗੀ ਸਬੰਧਤ ਵੱਲੋਂ ਮੌਤ ਦੀ ਮਿਤੀ ਤੋਂ 2 ਮਹੀਨੇ ਦੇ ਅੰਦਰ-ਅੰਦਰ ਮੌਤ ਦਾ ਸਰਟੀਫਿਕੇਟ ਅਤੇ ਹਲਫ਼ੀਆ ਬਿਆਨ ਪ੍ਰਾਪਤ ਹੋਣ ਤੇ ਕੀਤੀ ਜਾਵੇਗੀ।
5. ਜੇਕਰ ਕੋਈ ਵਿਦਿਆਰਥੀ ਪਹਿਲਾਂ ਫ਼ੀਸ ਦੇ ਦਿੰਦਾ ਹੈ ਪਰ ਬਾਅਦ ਵਿੱਚ ਉਸ ਦੀ ਅੱਧੀ/ਪੂਰੀ ਟਿਊਸ਼ਨ ਫ਼ੀਸ ਮੁਆਫ਼ ਹੋ ਜਾਂਦੀ ਹੈ ਤਾਂ ਉਸ ਸਥਿਤੀ ਵਿੱਚ ਭਰਵਾਈ ਗਈ ਟਿਊਸ਼ਨ ਫ਼ੀਸ ਹੀ ਐਡਜਸਟ/ਰੀਫੰਡ ਕੀਤੀ ਜਾਵੇਗੀ।

**ਫ਼ੀਸ ਮੁਆਫ਼ੀ (Fee Concession)**

1. ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਈ ਕਾਲਜ ਵਿੱਚ ਇਕ ਸੀਮਿਤ ਮਾਤਰਾ ਵਿੱਚ ਫ਼ੀਸ ਮੁਆਫ਼ ਕਰਨ ਦਾ ਪ੍ਰਬੰਧ ਹੈ। ਇਸ ਸਬੰਧ ਵਿੱਚ ਅਰਜ਼ੀ ਨਿਯਤ ਫ਼ਾਰਮ ਉੱਤੇ ਦੇਣੀ ਚਾਹੀਦੀ ਹੈ ਜੋ ਕਾਲਜ-ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਅਰਜ਼ੀ ਉੱਤੇ ਪਿਤਾ/ਮਾਤਾ/ਸਰਪ੍ਰਸਤ (ਜੋ ਵਿਦਿਆਰਥੀ ਦੀ ਪਾਲਣਾ ਕਰਦਾ ਹੋਵੇ) ਦੇ ਹਸਤਾਖ਼ਰ ਕੀਤੇ ਹੋਣੇ ਚਾਹੀਦੇ ਹਨ। ਫ਼ਾਰਮ ਉੱਤੇ ਗਰੁੱਪ ਟਿਊਟਰ ਦੀ ਸਿਫ਼ਾਰਿਸ਼ ਹੋਣੀ ਵੀ ਜ਼ਰੂਰੀ ਹੈ।
2. ਫ਼ੀਸ ਕੇਵਲ ਉਸੇ ਹਾਲਤ ਵਿੱਚ ਮੁਆਫ਼ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਕਲਾਸਾਂ ਵਿੱਚ ਬਕਾਇਦਾ ਹਾਜ਼ਰ ਰਹਿੰਦਾ ਹੈ, ਪੜ੍ਹਾਈ ਵਿੱਚ ਸੰਤੋਖਜਨਕ ਪ੍ਰਗਤੀ ਵਿਖਾਉਂਦਾ ਹੈ ਅਤੇ ਕਾਲਜ ਦੀ M.S.T ਵਿੱਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ। ਉਸ ਵਿਦਿਆਰਥੀ ਤੋਂ ਫ਼ੀਸ ਮੁਆਫ਼ੀ ਵਾਪਸ ਲਈ ਜਾ ਸਕਦੀ ਹੈ ਜਿਸ ਦੇ ਵਿਵਹਾਰ ਬਾਰੇ ਕਾਲਜ ਦੇ ਕਿਸੇ ਅਧਿਕਾਰੀ ਨੂੰ

ਸ਼ਿਕਾਇਤ ਹੋਵੇ ਜਾਂ ਉਹ ਪੜ੍ਹਾਈ ਵਿੱਚ ਬੇਨਿਯਮੀ ਤੇ ਅਣਗਹਿਲੀ ਕਰਦਾ ਹੋਵੇ ਜਾਂ ਵਿਨਾਸ਼ਕ ਕੰਮਾਂ ਵਿੱਚ ਭਾਗ ਲੈਂਦਾ ਹੋਵੇ।

**ਛੁੱਟੀ ਬਾਰੇ ਸੂਚਨਾ (Rules About Leave)**

1. ਕਾਲਜ ਤੋਂ ਛੇ ਦਿਨ ਤੱਕ ਦੀ ਛੁੱਟੀ ਦੀ ਅਰਜ਼ੀ ਸੰਬੰਧਿਤ ਟਿਊਟਰ ਦੀ ਸਿਫ਼ਾਰਿਸ਼ ਸਹਿਤ ਕਾਲਜ ਦਫ਼ਤਰ ਵਿੱਚ ਦਿੱਤੀ ਜਾਵੇ।
2. ਛੇ ਦਿਨਾਂ ਤੋਂ ਵਧੇਰੇ ਛੁੱਟੀ ਲਈ ਸੰਬੰਧਿਤ ਟਿਊਟਰ ਰਾਹੀਂ ਅਰਜ਼ੀ ਸੀਨੀਅਰ ਟਿਊਟਰ ਨੂੰ ਪੇਸ਼ ਕੀਤੀ ਜਾਵੇ।
3. ਛੁੱਟੀ ਲੈਣ ਦਾ ਮਤਲਬ ਕੇਵਲ ਇੰਨਾ ਹੀ ਹੈ ਕਿ ਉਸ ਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸੰਬੰਧ ਲੈਕਚਰਾਂ ਵਿੱਚ ਲੋੜੀਂਦੀ ਘੱਟੋ-ਘੱਟ ਹਾਜ਼ਰੀ ਨਾਲ ਨਹੀਂ ਹੈ।
4. ਕਾਲਜ ਨਾਲ ਸੰਬੰਧਿਤ ਕਿਸੇ ਵੀ ਸਰਗਰਮੀ (Activity) ਵਿੱਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ ਦੇ ਇੰਚਾਰਜ-ਪ੍ਰੋਫੈਸਰ ਦੀ ਸਿਫ਼ਾਰਿਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਵਾਉਣ ਲਈ ਟਿਊਟਰ ਰਾਹੀਂ ਦਫ਼ਤਰ ਵਿੱਚ ਦੇਣ। ਮਨਜ਼ੂਰ-ਸ਼ੁਦਾ ਛੁੱਟੀ ਤੋਂ ਬਿਨਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ (Authorized) ਵਿਦਿਆਰਥੀ ਨੂੰ ਹੀ ਦਿੱਤੀ ਜਾਵੇਗੀ।
5. M.S.T ਪ੍ਰੀਖਿਆ ਤੋਂ ਗੈਰ-ਹਾਜ਼ਰੀ ਲਈ ਪ੍ਰਿੰਸੀਪਲ ਸਾਹਿਬ ਕੋਲੋਂ ਲਿਖਤੀ ਰੂਪ ਵਿੱਚ ਪਹਿਲਾਂ ਇਜਾਜ਼ਤ ਲੈਣੀ ਜ਼ਰੂਰੀ ਹੈ।

**ਕਾਲਜ ਛੱਡਣ ਸੰਬੰਧੀ ਨਿਯਮ (College Leaving Rules)**

ਕਾਲਜ ਛੱਡਣ ਦੇ ਇੱਛੁਕ ਵਿਦਿਆਰਥੀ ਲਿਖਤੀ ਰੂਪ ਵਿੱਚ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਕਾਲਜ ਵੱਲੋਂ ਰਸਮੀ ਤੌਰ 'ਤੇ ਕੱਟਿਆ ਨਹੀਂ ਜਾਂਦਾ ਉਸ ਨੂੰ ਕਾਲਜ ਦੇ ਭਰਨ ਯੋਗ ਖ਼ਰਚੇ ਤੇ ਜ਼ੁਰਮਾਨੇ, ਜੋ ਉਸ ਵੱਲ ਬਣਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥਣਾਂ ਵੱਲ ਜੁਰਮਾਨੇ ਦੇ ਬਕਾਏ, ਕਾਲਜ ਦੇ ਬਕਾਏ ਜਾਂ ਲਾਇਬ੍ਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣ, ਉਨ੍ਹਾਂ ਨੂੰ ਕਾਲਜ ਛੱਡਣ ਦਾ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਜਵੇਗਾ ਅਤੇ ਉਨ੍ਹਾਂ ਵਿਰੁੱਧ ਢੁੱਕਵੀਂ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

**ਕਾਲਜ ਲਾਇਬ੍ਰੇਰੀ ਤੇ ਰੀਡਿੰਗ ਰੂਮ (College Library & Reading Room)**

ਕਾਲਜ ਦੀ ਲਾਇਬ੍ਰੇਰੀ ਵਿੱਚ ਇਸ ਸਮੇਂ ਲਗਭਗ 56834 ਕਿਤਾਬਾਂ ਹਨ। 18 ਅਖ਼ਬਾਰਾਂ ਅਤੇ 68 ਰਸਾਲੇ/ਜਰਨਲ ਆਉਂਦੇ ਹਨ ਜਿਹਨਾਂ ਵਿੱਚ ਸਾਹਿਤਕ, ਕੈਰੀਅਰ, ਵਿਗਿਆਨ, ਹੋਮ ਸਾਇੰਸ, ਆਰਟਸ, ਮਿਊਜ਼ਿਕ, ਸੋਸ਼ਲ ਸਾਇੰਸਜ਼, ਖੇਡਾਂ ਅਤੇ ਜੋਗਰਫੀ ਨਾਲ ਸੰਬੰਧਤ ਰਸਾਲੇ ਹਨ। ਲਾਇਬ੍ਰੇਰੀ ਅਤੇ ਰੀਡਿੰਗ ਹਾਲ ਵਿਦਿਆਰਥਣਾਂ ਦੇ ਪੜ੍ਹਨ ਹਿੱਤ ਸਰਕਾਰੀ ਛੁੱਟੀਆਂ ਤੋਂ ਇਲਾਵਾ ਸਾਰਾ ਸਾਲ ਕਾਲਜ ਦੇ ਸਮੇਂ ਅਨੁਸਾਰ ਖੁੱਲ੍ਹਾ ਰਹਿੰਦਾ ਹੈ। ਰੈਫਰੈਂਸ ਪੁਸਤਕਾਂ ਪੜ੍ਹਨ ਹਿਤ ਸਰਕਾਰੀ ਸਹੂਲਤਾਂ ਮੌਜੂਦ ਹਨ ਅਤੇ ਲੋੜੀਂਦੀ ਜਾਣਕਾਰੀ ਫੋਟਸਟੇਟ ਕਰਵਾ ਕੇ ਦਿੱਤੀ ਜਾਂਦੀ ਹੈ। ਸਾਰੀਆਂ ਪੁਸਤਕਾਂ ਦਾ ਵਿਵਰਣ ਕੰਪਿਊਟਰ ਕੈਟਾਲਾਗ ਵਿੱਚ ਉਪਲਬੱਧ ਹੈ। ਜ਼ਰੂਰਤਮੰਦ ਵਿਦਿਆਰਥਣਾਂ ਬੁੱਕ ਬੈਂਕ ਤੋਂ ਕਿਤਾਬਾਂ ਲੈ ਸਕਦੀਆਂ ਹਨ। ਵਿਦਿਆਰਥਣਾਂ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਲਾਇਬ੍ਰੇਰੀਅਨ ਨੂੰ ਲਾਇਬ੍ਰੇਰੀ ਲਈ ਲੋੜੀਂਦੀਆਂ ਚੰਗੀਆਂ ਕਿਤਾਬਾਂ ਜਾਂ ਲਾਇਬ੍ਰੇਰੀ ਦੇ ਵਾਧੇ ਤੇ ਉੱਨਤੀ ਲਈ ਕੋਈ ਨਵੇਂ ਸੁਝਾਓ ਲਿਖ ਕੇ ਦੇ ਸਕਦੀਆਂ ਹਨ। ਇਸ ਦੇ ਨਾਲ ਕਾਲਜ ਲਾਇਬ੍ਰੇਰੀ ਦੀ ਬੁਕ ਬੈਂਕ ਸ਼ਾਖ਼ਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਚੰਗੀਆਂ ਟੈਕਸਟ ਬੁਕਸ ਦਾਨ ਵੀ ਦੇ ਸਕਦੀਆਂ ਹਨ। ਲਾਇਬ੍ਰੇਰੀ ਵਿੱਚ WiFi ਇੰਟਰਨੈਟ ਦੀ ਸਹੂਲਤ ਵੀ ਵਿਦਿਆਰਥਣਾਂ ਅਤੇ ਸਟਾਫ਼ ਲਈ ਉਪਲਬੱਧ ਹੈ। ਵਿਦਿਅਕ ਕੰਮਾਂ ਲਈ ਇਸ ਦਾ ਭਰਪੂਰ ਫਾਇਦਾ ਉਠਾ ਸਕਦੇ ਹਨ। ਲਾਇਬ੍ਰੇਰਰੀ ਵਿਚ (nlist) ਨੈਸ਼ਨਲ ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਰਵਿਸਜ਼ ਇਨਫ਼ਰਾਸਟਰਕਚਰ ਫਾਰ ਸਕਾਲਰਲੀ ਕੰਟੈਂਟ (htt:nlist Inflibnet.ac.in) ਪ੍ਰੋਗਰਾਮ ਸਬਸਕਰਾਈਵ ਕੀਤਾ ਗਿਆ ਹੈ। ਜਿਸ ਸਬੰਧੀ ਪਾਸਵਰਡ ਲਾਇਬ੍ਰੇਰੀ ਤੋਂ ਲੈ ਕੇ ਸਟਾਫ਼ ਅਤੇ ਵਿਦਿਆਰਥੀ 100000 ਈ ਬੁਕਸ ਅਤੇ 4000 ਈ ਜਨਰਲ ਦੀ ਅਕਸੈਸ ਪ੍ਰਾਪਤ ਕਰ ਸਕਦੇ ਹਨ।

**ਸ਼ਨਾਖਤੀ/ਲਾਇਬ੍ਰੇਰੀ ਕਾਰਡ (Identity/Library Card)**

ਸੈਸ਼ਨ ਸ਼ੁਰੂ ਹੋਣ ਤੇ ਹਰ ਵਿਦਿਆਰਥਣ ਲਈ ਦਾਖ਼ਲੇ ਹੋਣ ਤੋਂ 15 ਦਿਨਾਂ ਦੇ ਵਿਚ, ਲਾਇਬ੍ਰੇਰੀ ਵਿਚੋਂ, ਲਾਇਬ੍ਰੇਰੀ/ਸ਼ਨਾਖਤੀ ਕਾਰਡ ਬਣਾਉਣਾ ਲਾਜ਼ਮੀ ਹੈ ਕਿਉਂਕਿ

1. ਕਾਲਜ ਵਿਚ ਰੋਜ਼ਾਨਾ I Card ਲਿਆਉਣ ਜ਼ਰੂਰੀ ਹੈ।
2. ਲਾਇਬ੍ਰੇਰੀ ਵਿਚੋਂ ਕਿਤਾਬਾਂ ਲੈਣ ਲਈ ਪੜ੍ਹਨ ਆਉਣ ਲਈ ਇਹ ਕਾਰਡ ਦਾ ਹੋਣਾ ਅਤਿ ਜ਼ਰੂਰੀ ਹੈ।
3. ਕਾਰਡ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਣਾ ਚਾਹੀਦਾ ਹੈ। ਗੁੰਮ ਹੋ ਜਾਣ ਤੇ ਦੂਜਾ ਕਾਰਡ ਬਣਾਉਣ ਲਈ ਵਿਭਾਗ ਦੇ ਨਿਯਮਾਂ ਅਨੁਸਾਰ ਪੈਸੇ ਦਫ਼ਤਰ ਵਿਚ ਜਮ੍ਹਾਂ ਕਰਵਾ ਕੇ ਨਵਾਂ ਕਾਰਡ ਤੁਰੰਤ ਬਣਵਾ ਲਿਆ ਜਾਵੇ। ਕਿਸੇ ਵੀ ਸੂਰਤ ਵਿਚ ਵਿਦਿਆਰਥਣ ਆਪਣੇ ਕੋਲ ਦੋ ਕਾਰਡ ਨਹੀਂ ਰੱਖ ਸਕਦੀ।
4. ਇਹ ਕਾਰਡ ਕਿਸੇ ਹੋਰ ਮੈਂਬਰ ਵਿਦਿਆਰਥੀ ਨਾਲ ਬਦਲਿਆ ਨਹੀਂ ਜਾ ਸਕਦਾ।
5. ਲਾਇਬ੍ਰੇਰੀ ਤੋਂ ਪੁਸਤਕ 14 ਦਿਨਾਂ ਲਈ ਇਸ਼ੂ ਕੀਤੀ ਜਾਂਦੀ ਹੈ ਅਤੇ ਇਸ ਨੂੰ ਸਮੇਂ ਸਿਰ ਵਾਪਿਸ ਕਰਨਾ ਹੁੰਦਾ ਹੈ।
6. ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਨੋ ਡਿਊਜ਼, ਲੈਣ ਲਈ ਪੁਸਤਕਾਂ ਵਾਪਿਸ ਕਰਨੀਆਂ ਜ਼ਰੂਰੀ ਹਨ, ਨਹੀਂ ਤਾਂ ਰੋਲ ਨੰਬਰ ਨਹੀਂ ਦਿੱਤਾ ਜਾਵੇਗਾ।
7. ਕਾਰਡ ਉੱਤੇ ਲਈਆਂ ਸਾਰੀਆਂ ਕਿਤਾਬਾਂ ਦੀ ਜ਼ਿੰਮੇਵਾਰੀ ਵਿਦਿਆਰਥਣ ਦੀ ਆਪਣੀ ਹੋਵੇਗੀ।

**ਸਕਿਓਰਿਟੀ ਰੀਫੰਡ ਕਰਨ ਸਬੰਧੀ ਨਿਯਮ (Rules Regarding Refund of Security)**

ਵਿਦਿਆਰਥੀ ਜੋ ਕੋਰਸ ਕਰ ਰਿਹਾ ਹੋਵੇਗਾ ਉਸਦੇ ਅੰਤਲੇ ਸਾਲ ਦੇ ਨਤੀਜੇ ਆਉਣ ਤੇ ਅੰਕ ਬਿਉਰਾ ਕਾਰਡ ਪ੍ਰਾਪਤ ਕਰਨ ਉਪਰੰਤ ਪ੍ਰਿੰਸੀਪਲ ਨੂੰ ਬੇਨਤੀ ਪੱਤਰ ਦੇਵੇਗ ਅਤੇ ਸਰਕਾਰੀ/ਯੂਨੀਵਰਸਿਟੀ ਹਦਾਇਤਾਂ ਮੁਤਾਬਿਕ ਸਕਿਓਰਿਟੀ ਰੀਫੰਡ ਕਰਨ ਲਈ ਬਣਦੀ ਕਾਰਵਾਈ ਕੀਤੀ ਜਾਵੇਗੀ। ਵਿਦਿਆਰਥੀ ਨੂੰ ਸਕਿਓਰਟੀ ਜਮ੍ਹਾਂ ਕਰਾਉਣ ਦੀ ਰਸੀਦ ਸਾਂਭ ਕੇ ਰੱਖਣੀ ਹੋਵੇਗੀ। ਸਕਿਓਰਿਟੀ ਕਾਲਜ ਛੱਡਣ ਤੋਂ ਇੱਕ ਸਾਲ ਦੇ ਅੰਦਰ ਅੰਦਰ ਹੀ ਕਲਮੇ ਕੀਤੀ ਜਾ ਸਕਦੀ ਹੈ।

**ਸਮੈਸਟਰ ਸਿਸਟਮ ਸਬੰਧੀ ਜਾਣਕਾਰੀ**

**ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ 2018-19 ਹਰ ਕਲਾਸ ਵਿੱਚ ਲਾਗੂ ਹੈ।**

1. ਪਹਿਲੇ ਸਮੈਸਟਰ ਦੀ ਪੜ੍ਹਾਈ 16-07-2018 ਤੋਂ 20-11-2018 ਤੱਕ
2. ਪਹਿਲੇ ਸਮੈਸਟਰ ਦੇ ਇਮਤਿਹਾਨ 26-11-2018
3. ਦੂਜੇ ਸਮੈਸਟਰ ਦੀ ਪੜ੍ਹਾਈ 08-01-2019 ਤੋਂ 02-05-2019 ਤੱਕ
4. ਦੂਜੇ ਸਮੈਸਟਰ ਦੇ ਇਮਤਿਹਾਨ 06-05-2019

ਯੂਨੀਵਰਸਿਟੀ ਨਿਯਮਾਂ ਅਨੁਸਾਰ ਸਮੈਸਟਰ ਪ੍ਰਣਾਲੀ ਲਈ 31 ਅਗਸਤ ਤੋਂ ਬਾਅਦ ਕਿਸੇ ਵੀ ਕੋਰਸ ਵਿਚ ਦਾਖਲੇ ਦੀ ਸੁਵਿਧਾ/ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

**ਅੰਦਰੂਨੀ ਮੁਲਾਂਕਣ ਪ੍ਰੀਖਿਆ ਅਤੇ ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਲਈ ਪਾਤਰਤਾ (Internal Assessment Test and Eligibility For University Exams)**

ਯੂਨੀਵਰਸਿਟੀ ਦੀਆਂ ਸਮੈਸਟਰ ਪ੍ਰੀਖਿਆ ਪ੍ਰਣਾਲੀ ਦੇ ਕੋਰਸਾਂ ਵਿੱਚ ਪਹਿਲੇ ਸਮੈਸਟਰ ਵਿੱਚ ਦੋ ਮਿਡ ਸਮੈਸਟਰ ਟੈਸਟ ਅੰਦਰੂਨੀ ਮੁਲਾਂਕਣ ਲਈ ਲਏ ਜਾਣਗੇ। ਇਸੇ ਪ੍ਰਕਾਰ ਦੂਸਰੇ ਸਮੈਸਟਰ ਵਿੱਚ ਦੋ ਮਿਡ ਸਮੈਸਟਰ ਟੈਸਟ ਅੰਦਰੂਨੀ ਮੁਲਾਂਕਣ ਲਈ ਲਏ ਜਾਣਗੇ। ਇਸ ਤੋਂ ਇਲਾਵਾ ਹਰ ਸਮੈਸਟਰ ਵਿੱਚ ਇੱਕ ਅਸਾਈਨਮੈਂਟ/ਪ੍ਰੋਜੈਕਟ ਅਧਿਆਪਕ ਦੁਆਰਾ ਦਿੱਤੇ ਵਿਸ਼ੇ ਅਨੁਸਾਰ ਸਬਮਿਟ ਕਰਨੀ ਹੋਵੇਗੀ। ਅੰਦਰੂਨੀ ਮੁਲਾਂਕਣ ਵਿੱਚ ਘੱਟੋ ਘੱਟ ਅੰਕ ਸਿਲੇਬਸ ਵਿੱਚ ਦਿੱਤੇ ਅੰਕਾਂ ਦੁਆਰਾ ਪ੍ਰਾਪਤ ਕਰਨੇ ਹੋਣਗੇ। ਵਿਦਿਆਰਥੀਆਂ ਨੂੰ 75% ਹਾਜ਼ਰੀਆਂ ਪ੍ਰੀਖਿਆ ਵਿੱਚ ਬੈਠਣ ਲਈ ਲਾਜ਼ਮੀ ਹਨ।

ਵਿਦਿਆਰਥੀਆਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਕਤੂਬਰ ਦੇ ਦੂਸਰੇ ਜਾਂ ਤੀਸਰੇ ਹਫ਼ਤੇ ਵਿੱਚ ਆਪਣੇ ਬੱਚਿਆਂ ਦੇ ਲੈਕਚਰ ਅਤੇ ਮਾਰਚ ਦੇ ਮਹੀਨੇ ਵਿੱਚ ਉਨ੍ਹਾਂ ਦੇ ਅੰਦਰੂਨੀ ਮੁਲਾਂਕਣ ਪ੍ਰੀਖਿਆ ਦੇ ਨਤੀਜਿਆਂ ਦੀ ਸੂਚਨਾ ਪ੍ਰਾਪਤ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਲੈਕਚਰ ਸ਼ਾਰਟੇਜ਼ ਆਦਿ ਦਾ ਪਤਾ ਲੱਗ ਸਕੇ।

**ਵਿਦਿਆਰਥਣਾਂ ਵਲੋਂ ਪ੍ਰੀਖਿਆ ਫਾਰਮ ਸਾਲ ਵਿੱਚ ਦੋ ਵਾਰੀ ਅਕਤੂਬਰ ਤੇ ਫਰਵਰੀ ਵਿੱਚ ਭਰੇ ਜਾਣਗੇ। ਜੇਕਰ ਕੋਈ ਵਿਦਿਆਰਥਣ ਦਾਖ਼ਲਾ ਫ਼ਾਰਮ ਨਹੀਂ ਭਰਦੀ ਤਾਂ ਉਸ ਦੀ ਜਿੰਮੇਵਾਰ ਉਹ ਆਪ ਹੋਵੇਗੀ।**

**ਜੇਕਰ ਕੋਈ ਵਿਦਿਆਰਥਣ ਕਾਲਜ ਪ੍ਰਸ਼ਾਸਨ ਨੂੰ ਸੂਚਿਤ ਕੀਤੇ ਬਿਨ੍ਹਾਂ ਲੇਟ ਫ਼ੀਸ ਨਾਲ ਪ੍ਰਾਈਵੇਟ ਪ੍ਰੀਖਿਆ ਫਾਰਮ ਕਰਦੀ ਹੈ। ਤਾਂ ਉਨ੍ਹਾਂ ਨੂੰ ਅੰਦਰੂਨੀ ਮੁਲਾਂਕਣ ਭੇਜਣ ਦੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ ਜੇਕਰ ਇਸ ਨਾਲ ਸੰਬੰਧਿਤ**

ਵਿਦਿਆਰਥਣ ਦੇ ਨਤੀਜੇ ਤੇ ਕੋਈ ਅਸਰ ਪੈਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੋਵੇਗੀ।

**ਵਿਦਿਆਰਥਣਾਂ ਲਈ ਵਜ਼ੀਫ਼ੇ (Scholarship for Students)**

ਹੁਸ਼ਿਆਰ ਅਤੇ ਯੋਗ ਵਿਦਿਆਰਥਣਾਂ ਲਈ ਕੌਮੀ ਤੇ ਰਾਜ ਪੱਧਰਾਂ ਦੇ ਬਹੁ ਗਿਣਤੀ ਵਿਚ ਵਜ਼ੀਫ਼ੇ ਉਪਲਬਧ ਹਨ। ਇਹਨਾਂ ਦੀ ਸੂਚੀ ਹੇਠਾਂ ਦਿੱਤੀ ਜਾਂਦੀ ਹੈ। ਜੇਕਰ ਤੁਸੀਂ ਇਨ੍ਹਾਂ ਵਿੱਚੋਂ ਵਜ਼ੀਫ਼ੇ ਦੇ ਯੋਗ ਹੋ ਤੇ ਇਸ ਲਈ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਲੋੜੀਂਦੀ ਕਾਰਵਾਈ ਲਈ ਕਾਲਜ ਦਫ਼ਤਰ ਨਾਲ ਸੰਪਰਕ ਕਰੋ। ਇਕ ਵਿਦਿਆਰਥੀ ਇੱਕ ਵਜ਼ੀਫ਼ਾ ਹੀ ਲੈ/ਅਪਲਾਈ ਕਰ ਸਕਦਾ ਹੈ।

1. **Post Matric Scholarship for SC/OBC**
   (i) 10+2 ਵਿੱਚੋਂ ਪਾਸ
   (ii) ਵਿਦਿਆਰਥੀ online : website : www.punjabscholarship.gov.in ਤੇ ਜਾ ਕੇ Ambedkar Site ਤੇ ਅਪਲਾਈ ਕਰਨਗੇ ਅਤੇ ਐਪਲੀਕੇਸ਼ਨ ਫਾਰਮ ਦੀ Hard Copy ਦਫ਼ਤਰ ਵਿਚ ਜਮ੍ਹਾਂ ਕਰਵਾਉਣਗੇ।
   (iii) SC/OBC ਵਿਦਿਆਰਥੀ online ਅਪਲਾਈ ਨਹੀਂ ਕਰਦੇ ਜਾਂ ਅਪਲਾਈ ਕਰਨ ਉਪਰੰਤ ਕਾਲਜ ਸਾਇਟ ਤੇ ਉਨ੍ਹਾਂ ਦਾ ਫਾਰਮ ਸ਼ੋਅ ਨਹੀਂ ਹੁੰਦਾ ਤਾਂ ਉਹਨਾਂ ਨੂੰ ਆਪਣੀ ਪੂਰੀ ਫ਼ੀਸ ਭਰਨੀ ਪਵੇਗੀ।
2. **ਕੌਮੀ ਵਜ਼ੀਫ਼ਾ ਸਕੀਮ (National Scholarship Scheme)**
   (i) 10+2 ਕਲਾਸ ਦੀ ਮੈਰਿਟ ਦੇ ਆਧਾਰ ਤੇ ਬੀ.ਏ. 60% ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਮਿਲਦਾ ਹੈ।
   (ii) ਬਿਨੈ ਫਾਰਮ ਪ੍ਰੀਖਿਅਕ ਸੰਸਥਾਵਾਂ ਵੱਲੋਂ ਸਿੱਧੇ ਹੀ ਯੋਗ ਵਿਦਿਆਰਥਣਾਂ ਨੂੰ ਭੇਜੇ ਜਾਂਦੇ ਹਨ।
   (iii) ਫ਼ਾਰਮ ਪ੍ਰਾਪਤ ਹੋਣ ਤੋਂ 15 ਦਿਨਾਂ ਦੇ ਅੰਦਰ ਪ੍ਰਿੰਸੀਪਲ ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਨੂੰ ਅਰਜ਼ੀ ਫ਼ਾਰਮ ਪਹੁੰਚ ਜਾਣੇ ਚਾਹੀਦੇ ਹਨ।
   (iv) ਜੇਕਰ ਵਿਦਿਆਰਥਣ ਯੋਗਤਾ ਪ੍ਰੀਖਿਆ ਤੋਂ ਬਾਅਦ ਹਰ ਸਾਲ 60% ਤੋਂ ਵੱਧ ਅੰਕ ਪ੍ਰਾਪਤ ਕਰਦੀ ਹੈ ਹਾਂ ਹਰ ਸਾਲ ਦੇ ਸਾਲ ਵਜ਼ੀਫ਼ੇ ਦਾ ਨਵੀਨੀਕਰਨ ਕੀਤੀ ਜਾਂਦਾ ਹੈ, ਪਰ ਵਿਦਿਆਰਥਣ ਲਈ ਆਪਣੀ ਤਰੱਕੀ ਰਿਪੋਰਟ ਅਤੇ ਨਤੀਜੇ ਦੀ ਫੋਟੋਸਟੇਟ ਕਾਪੀ ਦਫ਼ਤਰ ਵਿੱਚ ਦੇਣੀ ਜ਼ਰੂਰੀ ਹੈ।

**ਰਾਜ ਪੱਧਰ ਤੇ ਮੈਰਿਟ ਸਕਾਲਰਸ਼ਿਪ (State Level Merit Scholarship)**

(i) 10+2 ਕਲਾਸ ਦੀ ਮੈਰਿਟ ਦੇ ਆਧਾਰ ਤੇ ਦਿੱਤਾ ਜਾਂਦਾ ਹੈ। ਵਜ਼ੀਫ਼ੇ ਦਾ ਤਿੰਨ ਸਾਲਾਂ ਲਈ ਵਿਦਿਆਰਥਣ ਦੇ ਨਤੀਜੇ ਦੇ ਆਧਾਰ ਤੇ ਨਵੀਨੀਕਰਨ ਹੁੰਦਾ ਹੈ ਜਿਸ ਦੀ ਮਰਜ਼ੀ ਅਤੇ ਨਤੀਜ਼ੇ ਦੀ ਫੋਟੋਸਟੇਟ ਕਾਪੀ ਦਫ਼ਤਰ ਵਿਚ ਦੇਣੀ ਜ਼ਰੂਰੀ ਹੈ।

3. **ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ (University Merit Scholarship)**
   (i) ਪੰਜਾਬੀ ਯੂਨੀਵਰਸਿਟੀ ਮੈਰਿਟ ਅਨੁਸਾਰ ਬੀ.ਏ. ਭਾਗ ਦੂਜਾ, ਤੀਜਾ ਤੇ ਐਮ.ਏ. ਵਿਚ ਮਿਲਦਾ ਹੈ।
   (ii) ਬਿਨੈ ਪੱਤਰ ਸਿੱਧੇ ਹੀ ਪ੍ਰੀਖਿਅਕ ਸੰਸਥਾਵਾਂ ਵੱਲੋਂ ਭੇਜੇ ਜਾਂਦੇ ਹਨ।
   (iii) ਬਿਨੈ ਪੱਤਰ ਸੰਬੰਧਤ ਫ਼ਾਰਮ ਭਰਕੇ ਪ੍ਰਿੰਸੀਪਲ ਰਾਹੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਣੇ ਚਾਹੀਦੇ ਹਨ।
4. ਬੀ.ਏ. ਵਿਚ ਸੰਸਕ੍ਰਿਤ ਸਾਹਿਤ ਲੈਣ ਵਾਲੇ ਵਿਦਿਆਰਥਣਾਂ ਨੂੰ ਰਾਸ਼ਟਰੀ ਸੰਸਕ੍ਰਿਤ ਸੰਸਥਾ ਵੱਲੋਂ 175/- ਰੁਪਏ ਪ੍ਰਤੀ ਮਹੀਨਾ ਸਕਾਲਰਸ਼ਿਪ ਦਿੱਤਾ ਜਾਂਦਾ ਹੈ।

**ਘਟ ਗਿਣਤੀ ਭਾਈਚਾਰੀਆਂ ਲਈ ਸਕਾਲਰਸ਼ਿਪ ਸਕੀਮ (Minority Scholarship Scheme)**

ਘੱਟ ਗਿਣਤੀ ਭਾਈਚਾਰੀਆਂ (ਸਿੱਖ, ਮੁਸਲਿਮ, ਈਸਾਈ, ਬੋਧੀ ਅਤੇ ਪਾਰਸੀ) ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ 2.50 ਲੱਖ ਰੁਪਏ ਤੱਕ ਹੈ ਅਤੇ ਵਿਦਿਆਰਥੀ ਨੇ ਪਿਛਲੀ ਪਾਸ ਕੀਤੀ ਕਲਾਸ ਵਿੱਚ 50% ਅੰਕ ਪ੍ਰਾਪਤ ਕੀਤੇ ਹਨ, ਉਹ ਦਾਖ਼ਲਾ ਲੈਣ ਉਪਰੰਤ, ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਅਧੀਨ ਆਨ ਲਾਈਨ (www.scholarships.gov.in) ਤੇ ਅਪਲਾਈ ਕਰ ਸਕਦੇ ਹਨ।

**ਟਿਊਟੋਰੀਅਲ ਸਿਸਟਮ (Tutorial System)**

ਕਾਲਜ ਦੀਆਂ ਸਾਰੀਆਂ ਵਿਦਿਆਰਥਣਾਂ ਨੂੰ ਟਿਊਟੋਰੀਅਲ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਜਿਸ ਵਿੱਚ ਅਧਿਆਪਕ ਵਿਦਿਆਰਥਣਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਵਿੱਚ ਸਹਾਇਤਾ ਕਰਦੇ ਹਨ। ਉਨ੍ਹਾਂ ਨੂੰ ਕਾਲਜ ਦੇ ਨਿਯਮਾਂ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਕਾਲਜ ਵਿੱਚ ਅਨੁਸਾਸ਼ਨ ਰੱਖਣ ਅਤੇ ਕਾਲਜ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦੇ ਹਨ। ਵਿਦਿਆਰਥਣਾਂ ਕਾਲਜ ਨਾਲ ਸਬੰਧਤ ਆਪਣੀ ਕਿਸੇ ਵੀ ਮੁਸ਼ਕਲ ਲਈ ਆਪਣੀ ਟਿਊਟੋਰੀਅਲ ਇੰਚਾਰਜ ਤੋਂ ਅਗਵਾਈ ਲੈ ਸਕਦੀਆਂ ਹਨ। ਹਰ ਵਿਦਿਆਰਥਣ ਲਈ ਟਿਊਟੋਰੀਅਲ ਗਰੁੱਪ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ।

**Virtual Class Room, Smart Class Rooms & Wi-Fi**

ਸੈਸ਼ਨ 2017-18 ਤੋਂ ਇੱਕ Virtual Class Room ਦੀ ਸੁਵਿਧਾ ਵਿਦਿਆਰਥਣਾਂ ਨੂੰ ਪ੍ਰਦਾਨ ਕੀਤੀ ਗਈ ਹੈ ਇਸ ਤਹਿਤ ਵਿਸ਼ਾ ਮਾਹਿਰਾਂ ਵੱਲੋਂ ਦਿੱਤੇ ਜਾਣ ਵਾਲੇ, ਕਿਸੇ ਵੀ ਕਾਲਜ ਦੇ ਲੈਕਚਰਾਰ ਦੇ ਲੈਕਚਰ ਨੂੰ ਵਿਦਿਆਰਥਣਾਂ ਇਸ ਹੀ ਕਾਲਜ ਵਿੱਚ attend ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਕਾਲਜ ਵਿੱਚ ਲਗਭਗ ਦਸ Smart Class Rooms ਹਨ। ਇਸ ਤੋਂ ਵਿਦਿਆਰਥਣਾਂ ਲਾਭ ਲੈ ਰਹੀਆਂ ਹਨ। ਕਾਲਜ ਦਾ ਕੈਂਪਸ Wi-Fi ਹੈ।

**ਈ-ਆਫਿਸ (E-Office)**

ਭਾਰਤ ਸਰਕਾਰ ਵੱਲੋਂ 'ਡਿਜ਼ੀਟਲ ਇੰਡੀਆ' ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਚੁਣਿਆ ਗਿਆ ਇਹ ਪਹਿਲਾ ਕਾਲਜ ਹੈ। ਜਿਸ ਦੇ ਅਕਾਦਮਿਕ ਅਤੇ ਪ੍ਰਸ਼ਾਸ਼ਨਿਕ ਕੰਮਾਂ ਨੂੰ ਡਿਜ਼ੀਟਲਾਇਜ਼ ਕਰਨ ਲਈ ਈ-ਆਫਿਸ (e-office) ਸ਼ੁਰੂ ਕੀਤਾ ਹੈ।

**ਕਾਲਜ ਸਰਗਰਮੀਆਂ (College Activities)**

ਵਿਦਿਆਰਥੀਆਂ ਦੀ ਸਖਸ਼ੀਅਤ ਤੇ ਸਰਵਪੱਖੀ ਵਿਕਾਸ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ਾਂ ਲਈ ਕਾਲਜ ਵਿੱਚ ਸਾਰੇ ਵਿਸ਼ਿਆਂ ਨਾਲ ਸਬੰਧਤ ਸਭਾਵਾਂ/ਕਮੇਟੀਆਂ ਬਣੀਆਂ ਹੋਈਆਂ ਹਨ। ਜੋ ਵੱਖ-ਵੱਖ ਸਮਿਆਂ ਤੇ ਵਿਦਿਆਰਥਣਾਂ ਨਾਲ ਸੰਵਾਦ ਰਚਾਉਂਦੀਆਂ ਹਨ। ਸਭਿਆਚਾਰਿਕ, ਸਾਹਿਤਿਕ ਅਤੇ ਕਲਾਤਮਿਕ ਮੁਕਾਬਲੇ ਕਰਵਾਉਂਦੀਆਂ ਰਹਿੰਦੀਆਂ ਹਨ। ਵਿਦਿਆਰਥਣਾਂ ਨੂੰ ਆਪਣੀ ਰੁਚੀ ਮੁਤਾਬਕ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਦਾ ਮੌਕਾ ਦਿੱਤਾ ਜਾਂਦਾ ਹੈ।

**ਕਾਲਜ ਕਮੇਟੀਆਂ (College Committees)**

**ਕਾਲਜ ਵਿੱਚ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।**

1. **ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ ਸੈੱਲ (Career Consultancy and Placement Cell) :** ਇਹ ਕਮੇਟੀ ਵਿਦਿਆਰਥਣਾਂ ਨੂੰ ਬੀ.ਏ. ਤੋਂ ਬਾਅਦ ਨੌਕਰੀ/ਕਿੱਤਾ ਚੁਣਨ ਲਈ ਉੱਚਿਤ ਵਿਸ਼ਿਆਂ ਦੀ ਚੋਣ ਬਾਰੇ ਸਲਾਹ ਦਿੰਦੀ ਹੈ। ਇਸ ਤੋਂ ਇਲਾਵਾ ਵੱਖ ਵੱਖ ਸਮੇਂ, ਵੱਖ ਵੱਖ ਅਦਾਰਿਆਂ ਵੱਲੋਂ ਕਰਵਾਏ ਜਾਣ ਵਾਲੇ ਇਮਤਿਹਾਨਾਂ ਬਾਰੇ ਸਲਾਹ ਤੇ ਜਾਣਕਾਰੀ ਦਿੰਦੀ ਹੈ।
2. **ਫੀਡ ਬੈਕ ਕਮੇਟੀ (Feed Back Committee) :** ਇਹ ਕਮੇਟੀ ਚਾਰ ਤਰੀਕਿਆਂ ਨਾਲ ਫੀਡ ਬੈਕ ਲੈਣ ਲਈ ਬਣਾਈ ਗਈ ਹੈ। ਕਾਲਜ, ਹੋਸਟਲ ਦੇ ਵਿਦਿਆਰਥੀ, ਮਾਪੇ ਅਤੇ ਸਾਬਕਾ ਵਿਦਿਆਰਥਣਾਂ ਤੋਂ ਕਾਲਜ ਦੀਆਂ ਵਿਦਿਅਕ ਅਤੇ ਹੋਰ ਗਤੀਵਿਧਆਂ ਦੀ ਜਾਣਕਾਰੀ ਲਈ ਜਾਂਦੀ ਹੈ ਤਾਂ ਜੋ ਕਾਲਜ ਤਰੱਕੀ ਕਰ ਸਕੇ।
3. **ਸ਼ਿਕਾਇਤ ਨਿਵਾਰਣ ਕਮੇਟੀ (Grievance Redressal Committee):** ਇਹ ਕਮੇਟੀ ਵਿਦਿਆਰਥਣਾਂ ਦੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਬਣਾਈ ਗਈ ਹੈ। ਵਿਦਿਆਰਥੀ ਆਪਣੀਆਂ ਮੁਸ਼ਕਲਾਂ ਅਤੇ ਸ਼ਿਕਾਇਤਾਂ ਲਿਖਤੀ ਰੂਪ ਵਿੱਚ ਕਮੇਟੀ ਅੱਗੇ ਪੇਸ਼ ਕਰ ਸਕਦੇ ਹਨ।
4. **ਕਾਲਜ ਵਿੱਚ ਹਿੰਸਾ ਅਤੇ ਸ਼ੋਸ਼ਣ ਵਿਰੁੱਧ ਕਮੇਟੀ (Committee against Violence and Sexual Harassment in the College) :** ਇਹ ਕਮੇਟੀ ਦਾ ਗਠਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ ਕਿ ਵਿਦਿਆਰਣਾਂ ਨੂੰ ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਰੱਖਿਆ ਜਾਂ ਡਰ ਦੀ ਭਾਵਨਾ ਤੋਂ ਬਚਾਇਆ ਜਾ ਸਕੇ।
5. **ਸਾਬਕਾ ਵਿਦਿਆਰਥੀ ਸਭਾ (Old Students' Association):** ਕਾਲਜ ਵਿੱਚ ਕਾਫੀ ਲੰਬੇ ਸਮੇਂ ਤੋਂ ਸਾਬਕਾ ਵਿਦਿਆਰਥੀ ਸਭਾ ਮੌਜੂਦ ਹੈ। ਜਿਹੜੇ ਵਿਦਿਆਰਥੀ ਬੀ.ਏ. ਭਾਗ ਤੀਜਾ ਜਾਂ ਐਮ.ਏ. ਭਾਗ ਦੂਜਾ ਕਰ ਲੈਂਦੇ ਹਨ ਉਹ ਇਸ

ਦੇ ਮੈਂਬਰ ਬਣ ਸਕਦੇ ਹਨ।

6. **ਵਾਤਾਵਰਣ ਸਾਂਭ ਸੰਭਾਲ ਕਮੇਟੀ :** ਮੈਂਬਰ ਇਸ ਕੈਂਪਸ ਦੀ ਨਿਗਰਾਨੀ ਰੱਖਣਗੇ। ਕੂੜਾ ਕਰਕਟ ਇੱਧਰ ਉੱਧਰ ਸੁੱਟਣ ਦੀ ਸਥਿਤੀ ਵਿੱਚ ਕਮੇਟੀ ਵੱਲੋਂ ਜੁਰਮਾਨਾ ਲਗਾਇਆ ਜਾਵੇਗਾ।
7. **ਲੋਕਲ ਕੰਪਲੇਂਟਸ ਕਮੇਟੀ :** ਕਾਲਜ ਕੈਂਪਸ ਵਿੱਚ Sexual Harasment of Women at Work Place, Prevention Prohibition Act 2013 ਅਧੀਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਹਿੱਤ।
8. **ਕਾਨੂੰਨੀ ਸਾਖਰਤਾ ਕਲੱਬ (Legal Literacry Club) :** ਇਹ ਕਲੱਬ ਵਿਦਿਆਰਥੀਆਂ ਨੂੰ ਕਾਨੂੰਨ ਨਾਲ ਸਬੰਧਤ ਉਨ੍ਹਾਂ ਮੁੱਦਿਆਂ ਤੇ ਜਾਣਕਾਰੀ ਦਿੰਦਾ ਹੈ ਜੋ ਉਨ੍ਹਾ ਦੇ ਨਿੱਜੀ ਜੀਵਨ ਅਤੇ ਵਿਦਿਅਕ ਖੇਤਰ ਨਾਲ ਜੁੜੇ ਹੋਏ ਹਨ।

### ਸੂਚਨਾ ਦਾ ਅਧਿਕਾਰ-2005 (RTI Act 2005)

ਸੂਚਨਾ ਦਾ ਅਧਿਕਾਰ ਐਕਟ-2005, ਮਿਤੀ : 12-10-2015 ਤੋਂ ਲਾਗੂ ਹੈ ਅਤੇ ਕਾਲਜ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇੱਕ ਲੀਗਲ ਸੈੱਲ ਵੀ ਸਥਾਪਿਤ ਕੀਤਾ ਹੋਇਆ ਹੈ। ਕੋਈ ਵੀ ਨਾਗਰਿਕ ਆਰ.ਟੀ.ਆਈ. ਐਕਟ ਤਹਿਤ ਲੋੜੀਂਦੀ ਸੂਚਨਾ ਲਈ ਬਿਨੈ-ਪੱਤਰ ਦੇ ਕੇ ਪ੍ਰਾਪਤ ਕਰ ਸਕਦਾ ਹੈ।

### ਪੰਜਾਬ ਸੇਵਾ ਦਾ ਅਧਿਕਾਰ ਐਕਟ-2011 (Punjab Right to Service Act-2011)

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿਚ ਸੇਵਾਵਾਂ ਅਧਿਕਾਰ ਸੈੱਲ ਸਥਾਪਿਤ ਕੀਤਾ ਗਿਆ ਹੈ। ਜਿਸ ਰਾਹੀਂ ਵਿਦਿਆਰਥੀਆਂ ਨੂੰ ਪੰਜਾਬ ਰਾਈਟ ਟੂ ਸਰਵਿਸ ਐਕਟ ਸਬੰਧੀ ਸਮੇਂ ਸਮੇਂ ਤੇ ਜਾਣਕਾਰੀ ਦਿੱਤੀ ਜਾਂਦੀ ਹੈ।

### ਰਾਸ਼ਟਰੀ ਕੈਡਿਟ ਕੋਰ, ਰਾਸ਼ਟਰੀ ਸੇਵਾ ਯੋਜਨਾ ਅਤੇ ਰੈੱਡ ਕਰਾਸ ਬ੍ਰਿਗੇਡਜ਼ (NCC, NSS And Red Cross Brigades)

ਵਿਦਿਆਰਥਣ ਵੱਲੋਂ ਐਨ.ਐਸ.ਐਸ., ਤੇ ਰੈੱਡ ਕਰਾਸ ਹਾਬੀ ਦੇ ਤੌਰ ਤੇ ਲਏ ਜਾ ਸਕਦੇ ਹਨ। ਰੈੱਡ ਕਰਾਸ ਵੱਲੋਂ ਹਰ ਸਾਲ ਸੇਂਟ ਜਾਨ ਐਂਬੂਲੈਂਸ ਮੁਕਾਬਲਾ ਕਰਵਾਇਆ ਜਾਂਦਾ ਹੈ।

### ਖੇਡਾਂ (Sports)

1. ਵਿਦਿਆਰਥਣਾਂ ਦੇ ਸਰਬ-ਪੱਖੀ ਵਿਕਾਸ ਵਿਚ ਖੇਡਾਂ ਦਾ ਪ੍ਰਮੁੱਖ ਯੋਗਦਾਨ ਹੁੰਦਾ ਹੈ। ਕਾਲਜ ਵਿਚ ਨਿਮਨ ਲਿਖਤ ਖੇਡਾਂ ਲਈ ਖੇਡ ਮੈਦਾਨ ਅਤੇ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਹੈ:

   1. ਐਥਲੈਟਿਕਸ 2. ਬਾਸਕਟਬਾਲ 3. ਵਾਲੀਬਾਲ 4. ਹਾਕੀ 5. ਹੈਂਡਬਾਲ 6. ਫੁੱਟਬਾਲ 7. ਕਬੱਡੀ 8. ਖੋ-ਖੋ 9. ਜਿਮਨਾਸਟਿਕ 10. ਸਾਈਕਲਿੰਗ 11. ਤੈਰਾਕੀ 12. ਜੂਡੋ 13. ਕ੍ਰਿਕਟ 14. ਵੇਟ-ਲਿਫਟਿੰਗ 15. ਸਾਫਟਬਾਲ 16. ਬੈਡਮਿੰਟਨ 17. ਟੇਬਲ ਟੈਨਿਸ 18. ਚੈੱਸ 19. ਯੋਗਾ 20. ਫੈਨਸਿੰਗ 21. ਗੱਤਕਾ।

2. ਕਾਲਜ ਵਿਚ ਆਧੁਨਿਕ ਸੁਵਿਧਾਵਾਂ ਨਾਲ ਲੈਸ ਕੰਡੀਸ਼ਨਿੰਗ ਹਾਲ ਉਪਲੱਬਧ ਹੈ ਜਿਸ ਵਿੱਚ ਦੋ ਮਲਟੀਜਿਮ ਮਸ਼ੀਨਾਂ, ਮੋਟਰਾਈਜ਼ ਟਰੈਂਡ ਮਿਲ, ਵਾਲ-ਬਾਰਜ ਅਤੇ ਵੇਟ-ਟਰੇਨਿੰਗ ਸੈੱਟ ਮੌਜੂਦ ਹਨ। ਕਾਲਜ ਦੀ ਹਰ ਇੱਕ ਵਿਦਿਆਰਥਣ ਇਹਨਾਂ ਖੇਡਾਂ ਵਿੱਖ ਭਾਗ ਲੈ ਸਕਦੀ ਹੈ।

### ਕਾਲਜ ਮੈਗਜ਼ੀਨ : (College Magazine)

ਕਾਲਜ ਵਿੱਚ ਮੈਗਜ਼ੀਨ 'ਜੋਤਿ' ਨਾ ਹੇਠ ਛਪਦਾ ਹੈ ਜਿਸ ਦੀਆਂ ਵਿਦਿਆਰਥੀ ਸੰਪਾਦਕ, ਪ੍ਰੋਫੈਸਰ ਇੰਚਾਰਜ਼ਾਂ ਦੀ ਸਿਫਾਰਸ਼ ਉੱਤੇ ਪ੍ਰਿੰਸੀਪਲ ਵੱਲੋਂ ਨਿਯੁਕਤ ਕੀਤੀਆਂ ਜਾਂਦੀਆਂ ਹਨ। ਕਾਲਜ ਮੈਗਜ਼ੀਨ ਵਿੱਚ ਵਿਦਿਆਰਥਣਾਂ ਆਪਣੇ ਆਪਣੇ ਆਰਟੀਕਲ ਦਿੰਦੀਆਂ ਹਨ, ਜਿਸ ਨਾਲ ਉਨ੍ਹਾਂ ਦੀ ਅੰਦਰਲੀ ਕਲਾ ਨੂੰ ਉਜਾਗਰ ਹੋਣ ਦਾ ਮੌਕਾ ਮਿਲਦਾ ਹੈ। ਕਾਰਜ ਵਿਚਲੀਆਂ ਸਾਰੀਆਂ ਗਤੀਵਿਧੀਆਂ ਦੀ ਜਾਣਕਾਰੀ ਕਾਲਜ ਮੈਗਜ਼ੀਨ ਤੋਂ ਪ੍ਰਾਪਤ ਹੁੰਦੀ ਹੈ।

### ਬੱਸ ਪਾਸ (Bus Pass)

ਕਾਲਜ ਵਿਖੇ ਦੂਰੋਂ/ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਲਈ ਪੀ.ਆਰ.ਟੀ.ਸੀ. ਵੱਲੋਂ ਬੱਸ ਪਾਸ ਦੀ ਸੁਵਿਧਾ ਉਪਲਬਧ ਹੈ। ਦਾਖ਼ਲਾ ਹੋਣ ਉਪਰੰਤ ਵਿਦਿਆਰਥੀ ਨੀਯਤ ਫਾਰਮ ਨਾਲ ਸੰਬੰਧਿਤ ਦਸਤਾਵੇਜ਼ ਲਗਾ ਕੇ ਸ਼੍ਰੀਮਤੀ ਅਮਰਜੀਤ ਕੌਰ ਕੋਲ ਜਮ੍ਹਾਂ ਕਰਵਾਉਣਗੇ ਅਤੇ ਬੱਸ ਪਾਸ ਦੀ ਸੂਚਨਾ ਸਮੇਂ ਸਮੇਂ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ।

### ਕਾਲਜ ਡਿਸਪੈਂਸਰੀ (College Dispensary)

ਕਾਲਜ ਡਿਸਪੈਂਸਰੀ ਵਿੱਚ ਰੈੱਡ ਕਰਾਸ (Red Cross) ਦੇ ਅਧੀਨ ਵਿਦਿਆਰਥੀਆਂ ਨੂੰ ਤੁਰੰਤ ਸਾਧਾਰਨ ਡਾਕਟਰੀ ਸਹਾਇਤਾ ਦੇਣ ਦਾ ਪ੍ਰਬੰਧ ਮੌਜੂਦ ਹੈ। ਕਾਲਜ ਵਿੱਚ ਇੱਕ ਨਰਸ ਵੀ ਮੌਜੂਦ ਹੈ।

# ਰੋਲ ਆਫ਼ ਆਨਰ ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ
# (Roll of Honour, College Colour & Merit Certificate)

## I ਆਲ ਰਾਊਂਡ ਰੋਲ ਆਫ਼ ਆਨਰ (All Round Roll of Honour)

1. ਆਲ ਰਾਊਂਡ ਰੋਲ ਆਫ਼ ਆਨਰ ਸਿਰਫ ਫਾਈਨਲ ਕਲਾਸ ਵਿੱਚ ਦਿੱਤਾ ਜਾਂਦਾ ਹੈ।
2. ਆਲ ਰਾਊਂਡ ਰੋਲ ਆਫ਼ ਆਨਰ ਕਾਲਜ ਕੌਂਸਲ ਦੀ ਸਿਫ਼ਾਰਸ਼ ਦੇ ਦਿੱਤਾ ਜਾਂਦਾ ਹੈ।
3. ਆਲ ਰਾਊਂਡ ਰੋਲ ਆਫ਼ ਆਨਰ ਦੀਆਂ ਹੱਕਦਾਰ ਵਿਦਿਆਰਥਣਾਂ ਆਪਣੀ ਅਰਜ਼ੀ ਗਤੀਵਿਧੀਆਂ ਦੇ ਸੰਬੰਧਿਤ ਲੈਕਚਰਾਰਾਂ ਤੋਂ ਦਸਤਖ਼ਤ ਕਰਵਾ ਕੇ ਰੋਲ ਆਫ਼ ਆਨਰ ਦੇ ਕਨਵੀਨਰ ਨੂੰ ਦੇਣਗੀਆਂ।
4. ਅਜਿਹੀ ਵਿਦਿਆਰਥਣ ਜਿਸ ਉਪਰ ਕਾਲਜ ਦੇ ਅਨੁਸ਼ਾਸ਼ਨ ਨੂੰ ਭੰਗ ਕਰਨ ਦਾ ਦੋਸ਼ ਲੱਗ ਚੁੱਕਾ ਹੋਵੇ ਅਤੇ ਜਿਸ ਦੀ ਰਿਪੋਰਟ ਕਾਲਜ ਕੌਂਸਲ ਕੋਲ ਪਹੁੰਚਣ ਪਿੱਛੋਂ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਚੁੱਕੀ ਹੋਵੇ, ਰੋਲ ਆਫ਼ ਆਨਰ ਜਾਂ ਕਾਲਜ ਕਲਰ ਦੀ ਅਧਿਕਾਰੀ ਨਹੀਂ ਹੋਵੇਗੀ।

**ਆਲ ਰਾਊਂਡ ਰੋਲ ਆਫ਼ ਆਨਰ ਲਈ ਜ਼ਰੂਰੀ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ :**

1. **ਅਕਾਦਮਿਕ (Academics)**
   1. ਵਿਦਿਆਰਥਣ ਨੇ ਸਾਰੇ ਯੂਨੀਵਰਸਿਟੀ ਇਮਤਿਹਾਨ ਵਿਚੋਂ ਪਹਿਲੇ ਯਤਨ ਵਿਚ ਘੱਟੋ ਘੱਟ 60% ਅੰਕ ਪ੍ਰਾਪਤ ਕੀਤੇ ਹੋਣ।
   2. ਜਿਹੜੀ ਵਿਦਿਆਰਥਣ ਕਿਸੇ ਹੋਰ ਸੰਸਥਾ ਤੋਂ ਬਦਲ ਕੇ ਆਈ ਹੋਵੇ ਉਹ ਉਸ ਸੰਸਥਾ ਤੋਂ ਰਿਜ਼ਲਟ ਦੀ ਕਾਪੀ ਲੈ ਕੇ ਆਵੇ।
   3. 75% ਤੋਂ ਘੱਟ ਹਾਜ਼ਰੀਆਂ ਵਾਲੀ ਵਿਦਿਆਰਥਣ ਕਾਲਜ ਕਲਰ ਅਤੇ ਰੋਲ ਆਫ਼ ਆਨਰ ਦੀ ਹੱਕਦਾਰ ਨਹੀਂ ਹੋਵੇਗੀ।
2. **ਹੇਠ ਲਿਖੀਆਂ ਸ਼ਰਤਾਂ ਵਿੱਚੋਂ ਕੋਈ ਦੋ ਸ਼ਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ :**

1. **ਸੱਭਿਆਚਾਰ ਸਰਗਰਮੀਆਂ :** ਵਿਦਿਆਰਥਣ ਨੇ ਅੰਤਰ ਕਾਲਜ ਪੱਧਰ ਤੇ ਆਯੋਜਿਤ ਸਰਗਰਮੀਆਂ ਵਿੱਚ ਪਹਿਲੇ ਤਿੰਨ ਸਥਾਨਾਂ ਵਿੱਚੋਂ ਕੋਈ ਇੱਕ ਸਥਾਨ ਪ੍ਰਾਪਤ ਕੀਤਾ ਹੋਵੇ।
2. **ਸਾਹਿਤਕ ਸਰਗਰਮੀਆਂ :** ਵਾਦ-ਵਿਵਾਦ ਪ੍ਰਤੀਯੋਗਤਾ, ਭਾਸ਼ਨ-ਪ੍ਰਤੀਯੋਗਤਾ, ਕਵਿਤਾ-ਉਚਾਰਣ ਪ੍ਰਤੀਯੋਗਤਾ, ਪੇਪਰ-ਰੀਡਿੰਗ ਪ੍ਰਤੀਯੋਗਤਾ ਆਦਿ। ਇਸ ਉਪਰ ਵੀ ਨੰਬਰ ਇੱਕ ਵਾਲੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ।
3. **ਖੇਡਾਂ:** ਵਿਦਿਆਰਥਣ ਨੇ ਅੰਤਰ ਕਾਲਜ ਜਾਂ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਜਾਂ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਵਿੱਚੋਂ ਕੋਈ ਇੱਕ ਸਥਾਨ ਵਿਅਕਤੀਗਤ ਰੂਪ ਵਿੱਚ ਜਾਂ ਟੀਮ ਵਿੱਚੋਂ ਪ੍ਰਾਪਤ ਕੀਤਾ ਹੋਵੇ।
4. **ਫੁਟਕਲ :** ਇਸ ਵਿੱਚ ਐਨ.ਸੀ.ਸੀ. ਜਾਂ ਰੈੱਡ ਕਰਾਸ ਜਾਂ ਐਨ.ਐਸ.ਐਸ. ਦੇ ਯੁਵਕ ਕੈਂਪ ਸ਼ਾਮਲ ਹਨ। ਵਿਦਿਆਰਥਣ ਨੇ **ਐਨ.ਸੀ.ਸੀ.** ਦਾ ਸੀ ਸਰਟੀਫਿਕੇਟ ਦਾ ਇਮਤਿਹਾਨ ਪਾਸ ਕੀਤਾ ਹੋਵੇ ਜਾਂ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲਿਆ ਹੋਵੇ ਜਾਂ **ਐਨ.ਐਸ.ਐਸ.** ਯੁਵਕ ਕੈਂਪ ਵਿੱਚ ਉੱਤਮ ਕੈਂਡੀਡੇਟ ਹੋਵੇ ਰੈੱਡ ਕਰਾਸ ਦੇ ਜ਼ਿਲ੍ਹਾ ਪੱਧਰ ਮੁਕਾਬਲਿਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਜਾਂ ਰਾਜ ਪੱਧਰ ਤੇ ਸ਼੍ਰੇਸ਼ਠਤਾ ਪ੍ਰਾਪਤ ਕੀਤੀ ਹੋਵੇ।

**ਲੋੜੀਂਦੀਆਂ ਯੋਗਤਾਵਾਂ ਰੋਲ ਆਫ਼ ਆਨਰ ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਲਈ**

1. ਰੋਲ ਆਫ਼ ਆਨਰ ਤੇ ਕਾਲਜ ਕਲਰ ਬੀ.ਏ., ਬੀ.ਐਸ.ਸੀ. ਭਾਗ ਤੀਜਾ, ਐਮ.ਏ./ਐਮ.ਐਸ.ਸੀ. ਭਾਗ ਦੂਜਾ ਨੂੰ ਹੀ ਦਿੱਤਾ ਜਾਂਦਾ ਹੈ।
2. ਮੈਰਿਟ ਸਰਟੀਫਿਕੇਟ ਸਾਰੀਆਂ ਕਲਾਸਾਂ ਨੂੰ ਦਿੱਤੇ ਜਾਂਦੇ ਹਨ।
3. ਇਨ੍ਹਾਂ ਵਿਦਿਆਰਥਣਾਂ ਲਈ 75% ਹਾਜ਼ਰੀ ਲਾਜ਼ਮੀ ਹੈ।
4. ਕਾਲਜ ਦੇ ਅਨੁਸ਼ਾਸ਼ਨ ਦੀ ਉਲੰਘਣਾ ਕਰਨ ਵਾਲੀ ਵਿਦਿਆਰਥਣ ਨੂੰ ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ।

## II. ਅਕਾਦਮਿਕ (Academics)

**ਰੋਲ ਆਫ਼ ਆਨਰ**

ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ 75% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਰੋਲ ਆਫ਼ ਆਨਰ ਦੀਆਂ ਹੱਕਦਾਰ ਹਨ। ਵਿਦਿਆਰਥਣ ਨੇ ਇਹ ਪ੍ਰੀਖਿਆ ਪਹਿਲੇ ਯਤਨ ਵਿੱਚ ਪਾਸ ਕੀਤੀ ਹੋਵੇ।

**ਕਾਲਜ ਕਲਰ**

ਯੂਨੀਵਰਸਿਟੀ ਜਾਂ ਇੰਟਰ ਜ਼ੋਨਲ ਯੂਥ ਫੈਸਟੀਵਲ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਜਾਂ ਪੰਜ ਅੰਤਰ-ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਿਨ੍ਹਾਂ ਵਿੱਚੋਂ ਦੋ ਪਹਿਲੇ ਦਰਜੇ ਦੇ ਇਨਾਮ (ਵਿਅਕਤੀਗਤ) ਪ੍ਰਾਪਤ ਕੀਤੇ ਹੋਣ।

**ਮੈਰਿਟ ਸਰਟੀਫਿਕੇਟ**

ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਆਉਣ ਵਾਲੀ ਵਿਦਿਆਰਥਣ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਂਦਾ ਹੈ।

## III. ਸੱਭਿਆਚਾਰ (Cultural)

### (ਸੰਗੀਤ, ਕੋਮਲ ਕਲਾ, ਲੋਕ ਕਲਾ, ਨ੍ਰਿਤ, ਥੀਏਟਰ ਆਦਿ)

**ਰੋਲ ਆਫ਼ ਆਨਰ**

ਆਲ ਇੰਡੀਆ ਅੰਤਰ ਯੂਨੀਵਰਸਿਟੀ/ਅੰਤਰ ਰਾਜੀ ਮੁਕਾਬਲਿਆਂ ਵਿਚ ਪਹਿਲਾ, ਦੂਜਾ ਵਿਅਕਤੀਗਤ ਸਥਾਨ ਜਾਂ ਜੇਤੂ ਟੀਮ ਦੀ ਮੈਂਬਰ

**ਕਾਲਜ ਕਲਰ**

ਯੂਨੀਵਰਸਿਟੀ ਜਾਂ ਇੰਟਰ ਜੋਨਲ ਯੂਥ ਫੈਸਟੀਵਲ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਪ੍ਰਾਪਤ ਕੀਤੇ ਹੋਣ।

**ਮੈਰਿਟ ਸਰਟੀਫਿਕੇਟ**

ਜੋਨਲ ਯੂਥ ਫੈਸਟੀਵਲ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਵਿਆਰਥਣ ਜਾਂ ਜੇਤੂ ਟੀਮ ਦੀ ਮੈਂਬਰ ਸਥਾਨਕੀ ਪੱਧਰ ਤੇ ਜਿਵੇਂ ਗਣਤੰਤਰ ਦਿਵਸ, ਹੈਰੀਟੇਜ਼ ਸਮਾਗਮ, ਮੇਲਿਆਂ ਆਦਿ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਵਿਦਿਆਰਥਣਾਂ

## IV. ਸਾਹਿਤਕ (Literary)

**ਰੋਲ ਆਫ ਆਨਰ**

ਆਲ ਇੰਡੀਆ ਅੰਤਰ ਯੂਨੀਵਰਸਿਟੀ/ਅੰਤਰ-ਰਾਜੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਵਿਅਕਤੀਗਤ ਸਥਾਨ ਜਾਂ ਜੇਤੂ ਟੀਮ ਦੀ ਮੈਂਬਰ

**ਕਾਲਜ ਕਲਰ**

ਪੰਜ ਅੰਤਰ-ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ ਜਿਨ੍ਹਾਂ ਵਿੱਚੋਂ ਦੋ ਪਹਿਲੇ ਦਰਜੇ ਦੇ ਇਨਾਮ (ਵਿਅਕਤੀਗਤ) ਪ੍ਰਾਪਤ ਕੀਤੇ ਹੋਣ।

**ਮੈਰਿਟ ਸਰਟੀਫਿਕੇਟ**

ਜ਼ੋਨਲ ਪੱਧਰ ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ।

## V. ਖੇਡਾਂ (Sports)

**ਰੋਲ ਆਫ਼ ਆਨਰ**

- ਅੰਤਰ ਰਾਸ਼ਟਰੀ ਜਾਂ ਵਿਸ਼ਵ ਯੂਨੀਵਰਸਿਟੀ ਮੁਕਾਬਲੇ ਲਈ ਕਿਸੇ ਟੀਮ ਦੀ ਮੈਂਬਰ ਜਾਂ ਵਿਅਕਤੀਗਤ ਖਿਡਾਰੀ
- ਨੈਸ਼ਨਲ ਖੇਡ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ
- ਆਲ ਇੰਡੀਆ ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ
- ਸੀਨੀਅਰ ਸਟੇਟ ਜਾਂ ਯੂਨੀਵਰਸਿਟੀ ਟੀਮ ਦਾ ਕਪਤਾਨ
- ਯੂਨੀਵਰਸਿਟੀ ਜਾਂ ਸੀਨੀਅਰ ਸਟੇਟ ਚੈਂਪੀਅਨਸ਼ਿਪ ਵਿੱਚ ਨਵਾਂ ਰਿਕਾਰਡ ਸਥਾਪਤ ਕਰਨ ਵਾਲੀ ਖਿਡਾਰਣ

ਨੋਟ – ਕੇਵਲ ਉਨ੍ਹਾਂ ਹੀ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ/ਇੰਟਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨ ਹੋਣਗੇ।

**ਕਾਲਜ ਕਲਰ**

- ਨੈਸ਼ਨਲ ਜਾਂ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਖਿਡਾਰਣ
- ਯੂਨੀਵਰਸਿਟੀ ਪੱਧਰ ਤੇ ਖੇਡ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ
- ਸੀਨੀਅਰ ਸਟੇਟ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ

- ਕਾਲਜ ਦੀ ਸਰਵੋਤਮ ਐਥਲੀਟ

**ਮੈਰਿਟ ਸਰਟੀਫਿਕੇਟ**

ਯੂਨੀਵਰਸਿਟੀ ਪੱਧਰ ਤੇ ਖੇਡ ਮੁਕਾਬਲਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਖਿਡਾਰਣ

## VI. ਐਨ.ਸੀ.ਸੀ. (N.C.C.)

**ਰੋਲ ਆਫ ਆਨਰ**

ਕੌਮੀ ਪੱਧਰ ਤੇ ਗੋਲਡ ਮੈਡਲ ਲੈਣ ਵਾਲੀ ਕੈਡਿਟ

**ਕਾਲਜ ਕਲਰ**

ਕੌਮੀ ਪੱਧਰ ਤੇ ਕੈਂਪ ਲਗਾਉਣ ਵਾਲੀ ਕੈਡਿਟ

**ਮੈਰਿਟ ਸਰਟੀਫਿਕੇਟ**

ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ, ਡਾਇਰੈਕਟੋਰੇਟ ਪੱਧਰ ਤੇ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀ ਕੈਡਿਟ

ਐਨ.ਸੀ.ਸੀ. ਦੀ ਗਤੀਵਿਧੀਆਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀ ਕੈਡਿਟ

## VII. ਐਨ.ਐਸ.ਐਸ. (N.S.S.)

**ਰੋਲ ਆਫ ਆਨਰ**

ਤਿੰਨ ਸੱਤ/ਦਸ ਰੋਜ਼ਾ ਕੈਂਪ ਅਤੇ ਦੋ ਵਾਰ ਖੂਨਦਾਨ

ਸਟੇਟ/ਯੂਨੀਵਰਸਿਟੀ/ਅੰਤਰ-ਯੂਨੀਵਰਸਿਟੀ ਪੱਧਰ ਤੇ ਨੈਸ਼ਨਲ ਇੰਟੈਗ੍ਰੇਸ਼ਨ।

ਸੱਤ/ਦਸ ਰੋਜ਼ਾ ਕੈਂਪ ਵਿੱਚ ਮੈਨੂਅਲ ਵਰਕ/ਅਨੁਸ਼ਾਸ਼ਨ/ਭਾਸ਼ਣ ਪ੍ਰਤੀਯੋਗਤਾ/ਲੇਖ-ਲਿਖਣ ਪ੍ਰਤੀਯੋਗਤਾ/ ਵਾਦ-ਵਿਵਾਦ ਪ੍ਰਤੀਯੋਗਤਾ ਵਿੱਚ ਵਿਅਕਤੀਗਤ ਇਨਾਮ।

ਸੈਸ਼ਨ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਵਿੱਚ ਘੱਟੋ-ਘੱਟ ਚਾਰ ਸਕਰਾਤਮਕ ਗਤੀਵਿਧੀਆਂ ਵਿੱਚ ਯੋਗਦਾਨ।

**ਕਾਲਜ ਕਲਰ**

ਤਿੰਨ ਸੱਤ/ਦਸ ਰੋਜ਼ਾ ਕੈਂਪ

ਕਿਸੇ ਇੱਕ ਸੱਤ/ਦਸ ਰੋਜ਼ਾ ਕੈਂਪ ਵਿੱਚ ਉੱਤਮ ਵਲੰਟੀਅਰ

ਘੱਟੋ ਘੱਟ ਇੱਕ ਵਾਰ ਖੂਨ ਦਾਨ ਜਾਂ ਪੰਜ ਪ੍ਰੋੜ੍ਹ ਵਿਅਕਤੀਆਂ ਨੂੰ ਸਿੱਖਿਆ ਪ੍ਰਦਾਨ ਕਰਨਾ

**ਮੈਰਿਟ ਸਰਟੀਫਿਕੇਟ**

ਦੋ ਸੱਤ/ਦਸ ਰੋਜ਼ਾ ਕੈਂਪ

ਵਾਤਾਵਰਣ ਦੀ ਸਾਂਭ ਸੰਭਾਲ ਅਤੇ ਸਮਾਜ ਸੇਵੀ ਸੰਸਥਾਵਾਂ (ਅਨਾਥ ਆਸ਼ਰਮ, ਬਿਰਧ ਆਸ਼ਰਮ, ਅਪਾਹਜ ਆਸ਼ਰਮ) ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਵਲੰਟੀਅਰ

## VIII. ਰੈੱਡ ਕਰਾਸ (Red Cross)

**ਰੋਲ ਆਫ ਆਨਰ**

ਰਾਸ਼ਟਰੀ ਪੱਧਰ ਤੇ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਜਾਂ ਟੀਮ।

**ਕਾਲਜ ਕਲਰ**

ਸੇਂਟ ਜਾਨ ਐਂਬੂਲੈਂਸ (ਰੈਡ ਕਰਾਸ) ਮੁਕਾਬਲੇ ਵਿੱਚ ਰਾਜ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕਰਨਾ।

ਰਾਸ਼ਟਰੀ ਪੱਧਰ ਤੇ ਭਾਗ ਲੈਣ ਵਾਲੀਆਂ ਵਿਦਿਆਰਥਣ

**ਮੈਰਿਟ ਸਰਟੀਫਿਕੇਟ**

ਕਾਲਜ ਵਿਖੇ ਰੈਡ-ਕਰਾਸ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਵਾਲਾ ਉੱਤਮ ਵਲੰਟੀਅਰ।

ਰਾਜ ਪੱਧਰ ਤੇ ਭਾਗ ਲੈਣ ਵਾਲੀ ਵਿਦਿਆਰਥਣ।

ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਅਤੇ ਉੱਤਮ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ।

# ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਹੇਠ ਲਿਖੀਆਂ ਯੂਨੀਵਰਸਿਟੀਆਂ ਨੂੰ ਜਾਅਲੀ (Fake) ਯੂਨੀਵਰਸਿਟੀਆਂ ਘੋਸ਼ਿਤ ਕੀਤਾ ਗਿਆ ਹੈ।
# (List of Fake Universities)

**Bihar**

1. Maithili UniversityNishwavidyalaya, Darbhanga, Bihar.

**Delhi**

2. Commercial University Ltd., Daryaganj, Delhi.
3. United Nations University, Delhi.
4. Vocational University, Delhi.
5. ADR-Centric Juridical University, New Delhi - 110008.
6. Indian Institute of Science and Engineering, New Delhi.
7. Vishwakarma Open University for Self-Employment, Rozgar Servasdan Delhi-110033
8. Adhyatmik Vishwavidyalaya (Spiritual University) Rohini, Delhi-110085

**Karnataka**

9. Badaganvi Sarkar World Open University Education Society, Gokak, Belgaum, Karnataka.

**Kerala**

10. St. John's University, Kishanattam, Kerala.

**Maharashtra**

11. Raja Arabic University, Nagpur, Maharashtra.

**West Bengal**

12. Indian Institute of Alternative Medicine, Kolkatta.
13. Institute of Alternative Medicine and Research, Thakurpur, Kolkatta-700063

**Odisha**

14. Nababharat Shiksha Parishad, Rourkela.
15. North Odisha University of Agriculture Technology, Odisha

**Uttar Pradesh**

16. Varanaseya Sanskrit Vishwavidyalaya Varanasi (U.P),
17. Mahila Gram VidyapithNishwavidyalaya, (Women's University) Prayag, Allahabad, Uttar Pradesh.
18. Gandhi Hindi Vidyapith, Prayag, Allahabad, Uttar Pradesh.
19. National University of Electro Complex Homeopathy, Kanpur, Uttar Pradesh.
20. Netaji Subhash Chandra Bose University (Open University), Achaltal, Aligarh, Uttar Pradesh.
21. Uttar Pradesh Vishwavidyalaya, Kosi Kalan, Mathura, Uttar Pradesh.
22. Maharana Pratap Shiksha Niketan Vishwavidyalaya, Pratapgarh, Uttar Pradesh.
23. Indraprastha Shiksha Parishad, Institutional Area, Khoda, Makanpur, Noida Phase-II, Uttar Pradesh.

**Madhya Pradesh**

24. Kesarwani Vidyapith, Jabalpur, Madhya Pradesh

**Tamil Naidu**

25. D.D.B Sanskrit University, Putur, Trichi, Tamil Naidu.

**Puducherry**

26. Shri Bodhi Academy of Higher Education, Vazhuthavoor Road, Puducherry.

## ਕਾਲਜ ਕੈਂਪਸ ਵਿੱਚ ਧਿਆਨ ਦੇਣ ਯੋਗ ਜ਼ਰੂਰੀ ਹਦਾਇਤਾਂ
## (Important Instructions for the Students at College Campus)

1. IC ਹਰ ਰੋਜ਼ ਕਾਲਜ ਲੈ ਕੇ ਆਣਾ ਜ਼ਰੂਰੀ ਹੈ।
2. ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਾਲਜ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ (Ragging) ਦੀ ਮਨਾਹੀ ਹੈ।
3. ਕਾਲਜ ਵਿੱਚ ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਹੋਰ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ/ਵਰਤੋਂ ਦੀ ਸਖ਼ਤ ਮਨਾਹੀ ਹੈ। ਕਿਸੇ ਤਰ੍ਹਾਂ ਦਾ ਨਸ਼ਾ ਕਰਨ ਵਾਲੇ ਅਤੇ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਰਕਾਰੀ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।
4. ਵਿਦਿਆਰਥੀ ਨੂੰ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਤੋਂ ਪਹਿਲਾਂ ਯੂਨੀਵਸਿਟੀ ਵੱਲੋਂ ਨਿਰਧਾਰਿਤ ਹਾਜ਼ਰੀਆਂ ਆਦਿ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। 75% ਹਾਜ਼ਰੀਆਂ ਅਤੇ ਅੰਦਰੂਨੀ ਮੁਲਾਂਕਣ (M.S.T.) ਪ੍ਰੀਖਿਆਵਾਂ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਦਾ ਦਾਅਵੇਦਾਰ ਨਹੀਂ ਹੋਵੇਗਾ।
5. ਵਿਦਿਆਰਥੀਆਂ ਨੂੰ ਕਾਲਜ ਵਿੱਚ ਮੋਬਾਇਲ ਫੋਨ ਚਾਰਜ ਕਰਨ ਦੀ ਮਨਾਹੀ ਹੈ। ਉਲੰਘਣਾ ਕਰਨ ਦੀ ਸੂਰਤ ਵਿੱਚ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਵਿਦਿਆਰਥੀ ਕਾਲਜ ਕੈਂਪਸ ਵਿੱਚ ਜ਼ਰੂਰਤ ਪੈਣ ਤੇ ਫੋਨ ਕਰ ਸਕਦੇ ਹਨ।
6. ਵਿਦਿਆਰਥੀਆਂ ਲਈ ਕਾਲਜ ਵਿੱਚ ਕਾਰ-ਪਾਰਕਿੰਗ ਦੀ ਸੁਵਿਧਾ ਨਹੀਂ ਹੈ। ਸਾਈਕਲ, ਸਕੂਟਰ, ਮੋਪਡ ਅਤੇ ਮੋਟਰਸਾਈਕਲ ਨਿਸ਼ਚਿਤ ਥਾਵਾਂ 'ਤੇ ਖੜ੍ਹੇ ਕੀਤੇ ਜਾਣ।
7. ਪ੍ਰਿੰਸੀਪਲ ਸਾਹਿਬ ਦੀ ਅਗੇਤ ਆਗਿਆ ਪ੍ਰਾਪਤ ਕੀਤੇ ਬਿਨਾਂ ਕੋਈ ਮੀਟਿੰਗ ਕਾਲਜ ਵਿੱਚ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕੋਈ ਪੋਸਟਰ ਲਗਾਇਆ ਜਾ ਸਕਦਾ ਹੈ।
8. ਕਾਲਜ ਕੈਂਪਸ ਨੂੰ ਸਾਫ਼ ਰੱਖਣਾ ਹਰ ਵਿਦਿਆਰਥੀ ਦਾ ਫ਼ਰਜ਼ ਹੈ। ਕਾਗਜ਼ ਅਤੇ ਹੋਰ ਫਾਲਤੂ ਪਦਾਰਥ ਕਾਲਜ ਵਿੱਚ ਰੱਖੇ ਕੂੜੇਦਾਨਾਂ ਵਿੱਚ ਸੁੱਟੇ ਜਾਣ।
9. ਕਾਲਜ ਚਾਰ ਦੀਵਾਰੀ ਤੇ ਪੋਸਟਰ ਲਗਾਉਣ ਜਾਂ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਤੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਨੁਕਸਾਨ ਦੀ ਪੂਰਤੀ ਸਬੰਧਿਤ ਵਿਦਿਆਰਥੀ ਕੋਲੋਂ ਕਰਵਾਈ ਜਾਵੇਗੀ।
10. ਕਾਲਜ ਵਿੱਚ ਦਾਖ਼ਲਾ, ਨਾਂ ਕਟਵਾਉਣ ਜਾਂ ਕਿਸੇ ਹੋਰ ਵਿਸ਼ੇ ਸੰਬੰਧੀ ਸੰਪਰਕ/ਪੱਤਰ-ਵਿਹਾਰ ਪ੍ਰਿੰਸੀਪਲ ਨਾਲ ਕੀਤਾ ਜਾਣਾ ਚਾਹੀਦਾ ਹੈ।
11. ਕਾਲਜ ਵੱਲੋਂ ਹਰ ਸੂਚਨਾ ਨੋਟਿਸ ਬੋਰਡ 'ਤੇ ਲਗਾਈ ਜਾਂਦੀ ਹੈ। ਇਸ ਲਈ ਵਿਦਿਆਰਥੀ ਹਰ ਰੋਜ਼ ਨੋਟਿਸ ਬੋਰਡ ਜ਼ਰੂਰ ਵੇਖਣ।
12. ਕੋਈ ਵੀ ਵਿਦਿਆਰਥੀ ਦੁਪਹਿਰ 12.00 ਵਜੇ ਤੋਂ ਪਹਿਲਾਂ ਕਾਲਜ ਤੋਂ ਬਾਹਰ ਨਹੀਂ ਜਾ ਸਕੇਗਾ।
13. ਕੋਈ ਵੀ ਵਿਦਿਆਰਥੀ ਕਾਲਜ ਵਿੱਚ ਕਿਸੇ ਵੀ ਬਾਹਰਲੇ ਵਿਅਕਤੀ ਨੂੰ ਆਪਣੇ ਨਾਲ ਨਹੀਂ ਲੈ ਕੇ ਆਵੇਗਾ ਅਤੇ ਨਾ ਹੀ ਮਿਲੇਗਾ। ਅਜਿਹਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਤੇ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗਾ।
14. ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਕਾਲਜ ਦੇ ਕਮਰਚਾਰੀਆਂ/ਚੌਕੀਦਾਰਾਂ ਅਤੇ ਗੇਟ ਤੇ ਕਾਇਨਾਤ ਸੁਰੱਖਿਆ ਗਾਰਡਾਂ ਦਾ ਆਦਰ ਕਰਨ।
15. ਕਾਲਜ ਕੈਂਪਸ ਪਾਲੀਥਿਨ ਮੁਕਤ ਐਲਾਨਿਆਂ ਜਾ ਚੁੱਕਿਆ ਹੈ ਇਸ ਕਾਰਨ ਕਿਸੇ ਵਿਦਿਆਰਥੀ ਕੋਲੋਂ ਪਲਾਸਟਿਕ ਬੈਗ ਮਿਲਣ ਦੀ ਸੂਰਤ ਵਿੱਚ ਸਰਕਾਰੀ ਹਦਾਇਤਾਂ/ਨਿਯਮਾਂ ਅਨੁਸਾਰ ਜ਼ੁਰਮਾਨਾ ਵਸੂਲਿਆ ਜਾਵੇਗਾ।
16. ਕਾਲਜ ਵਿੱਚ ਪਟਾਖੇ/ਆਤਿਸ਼ਬਾਜੀ ਚਲਾਉਣ ਦੀ ਮਨਾਹੀ ਹੈ। ਉਲੰਘਣ ਕਰਨ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
17. ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਕਾਲਜ ਦੇ ਸੁਧਾਰ ਲਈ ਆਪਣੇ ਸੁਝਾਅ ਦੇ ਸਕਦੇ ਹਨ।
18. ਵਿਦਿਆਰਥੀਆਂ ਦੀ ਸੁਰੱਖਿਆ ਅਤੇ ਅਨੁਸ਼ਾਸਨ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਲਜ ਕੈਂਪਸ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਗਏ ਹਨ। ਪਰ ਵਿਦਿਆਰਥਣ ਦੀ ਕਿਸੇ ਵਸਤੂ, ਬੈਗ, ਪਰਸ, ਮੋਬਾਇਲ, ਕਿਤਾਬ, ਨੋਟਸ, ਆਦਿ ਦੀ ਚੋਰੀ ਫੜਨ/ਦੀ ਜਾਣਕਾਰੀ ਸੰਬੰਧ ਇਹਨਾਂ ਦੀ ਵਰਤੋਂ ਨਹੀਂ ਹੋਵੇਗੀ।
19. ਇਸ ਲਈ ਵਿਦਿਆਰਥਣਾਂ ਨੂੰ ਸਖ਼ਤ ਹਦਾਇਤ ਹੈ ਕਿ ਉਹ ਆਪਣੇ ਨਾਲ ਕੀਮਤੀ ਮੋਬਾਇਲ ਨਗਦੀ (ਕੈਸ਼) ਗਹਿਣੇ ਅਤੇ ਏਟੀਐਮ ਕਾਰਡ ਕਾਲਜ ਨਾ ਲੈ ਕੇ ਆਉਣ। ਗੁੰਮ ਹੋਣ ਦੀ ਸੂਰਤ ਵਿੱਚ ਜ਼ਿੰਮੇਵਾਰੀ ਸਬੰਧਿਤ ਵਿਦਿਆਰਥਣ ਦੀ ਹੋਵੇਗੀ।

**ਨੋਟ : ਕਾਲਜ ਦੇ ਹਰੇਕ ਵਿਦਿਆਰਥੀ ਦੁਆਰਾ ਨਿਯਮਾਂ ਦੀ ਪਾਲਣਾ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ।**

# ਹੋਸਟਲ ਵਿੱਚ ਦਾਖ਼ਲੇ ਸੰਬੰਧੀ ਨਿਯਮ
## (Rules for Admission to Hostel)

**ਮਾਪੇ/ਗਾਰਡੀਅਨ ਹੋਸਟਲ ਵਿਚ ਦਾਖ਼ਲੇ ਲਈ ਆਪਣੀ ਲੜਕੀ ਨਾਲ ਆਉਣ।**

1. ਹੋਸਟਲ ਵਿਚ ਦਾਖ਼ਲਾ ਪ੍ਰਾਪਤ ਕਰਨ ਲਈ ਪ੍ਰਾਸਪੈਕਟਸ ਵਿੱਚ ਦਿੱਤੇ ਫ਼ਾਰਮ ਨੂੰ ਭਰ ਕੇ ਦੇਣਾ ਹੁੰਦਾ ਹੈ।
2. ਹੋਸਟਲ ਵਿਚ ਦਾਖ਼ਲਾ 2018-19 ਲਈ ਹੈ। ਪੂਰ ਸੈਸ਼ਨ ਹੋਸਟਲ ਵਿੱਚ ਰਹਿਣਾ ਲਾਜ਼ਮੀ ਹੈ।
3. ਪੁਰਾਣੇ ਪਾਸ ਹੋਏ ਬੋਰਡਰਾਂ ਨੂੰ ਉਨ੍ਹਾਂ ਦਾ ਪਿਛਲਾ ਰਿਕਾਰਡ ਦੇਖ ਕੇ ਹੀ ਦਾਖ਼ਲਾ ਮਿਲ ਸਕੇਗਾ।
4. ਲਗਾਤਾਰ ਬੀਮਾਰ ਰਹਿਣ ਵਾਲੀ ਵਿਦਿਆਰਥਣ ਨੂੰ ਹੋਸਟਲ ਵਿੱਚ ਰਹਿਣ ਦੀ ਆਗਿਆ ਨਹੀਂ ਦਿੱਤੀ ਜਾਂਦੀ।
5. **ਹਰ ਇਕ ਬੋਰਡਰ ਆਪਣੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਛੇ-ਛੇ ਫੋਟੋਸਟੇਟ ਕਾਪੀਆਂ ਅਤੇ ਆਪਣੀਆਂ ਛੇ ਫੋਟੋਆਂ ਸਾਰਾ ਸਾਲ ਆਪਣੇ ਕੋਲ ਰੱਖੋ।**
6. ਹਰ ਇੱਕ ਬੋਰਡਰ ਲਈ ਸਾਂਝੇ ਮੈੱਸ ਹਾਲ ਵਿਚ ਰੋਟੀ ਖਾਣੀ ਜ਼ਰੂਰੀ ਹੈ।
7. ਹਰ ਮਹੀਨੇ ਦਾ ਮੈਸ ਖਰਚਾ ਮਹੀਨੇ ਦੀ 10 ਤਾਰੀਖ ਤੋਂ ਪਹਿਲਾਂ ਦੇਣਾ ਜ਼ਰੂਰੀ ਹੈ। ਇਹ ਜ਼ਿੰਮੇਵਾਰੀ ਬੋਰਡਰ ਦੇ ਮਾਪਿਆਂ ਦੀ ਹੋਵੇਗੀ।
8. ਬੋਰਡਰ ਵਿਦਿਆਰਥਣਾਂ ਲਈ ਰੈੱਡ ਕਰਾਸ/ਐਨ.ਐਸ.ਐਸ./ਐਨ.ਸੀ.ਸੀ./ਖੇਡਾਂ/ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਵਿਚ ਭਾਗ ਲੈਣਾ ਜ਼ਰੂਰੀ ਹੈ। ਇਸ ਲਈ ਮਾਪਿਆਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।
9. ਬੋਰਡਰ ਵਿਦਿਆਰਥਣਾਂ ਦੇ ਸਾਰੀ ਡਾਕ ਹੋਸਟਲ ਸੁਪਰਡੈਂਟ ਦੀ ਨਿਗਰਾਨੀ ਹੇਠ ਆਵੇਗੀ ਅਤੇ ਸੁਪਰਡੈਂਟ ਨੂੰ ਕਿਸੇ ਵੀ ਚਿੱਠੀ ਨੂੰ ਵਾਚਣ ਦਾ ਅਧਿਕਾਰ ਪ੍ਰਾਪਤ ਹੈ। ਇਨ੍ਹਾਂ ਟਿਕਟਾਂ ਤੋਂ ਡਾਕ ਨਹੀਂ ਲਈ ਜਾਵੇਗੀ।
10. ਹੋਸਟਲ ਵਿੱਚ ਦਾਖ਼ਲੇ ਸਮੇਂ ਹਰ ਇਕ ਸਰਪ੍ਰਸਤ ਨੂੰ ਸੁਪਰਡੈਂਟ ਕੋਲ ਉਨ੍ਹਾਂ ਰਿਸ਼ਤੇਦਾਰਾਂ/ਸੰਬੰਧੀਆਂ ਦੀ ਲਿਸਟ ਅਤੇ ਰਿਸ਼ਤੇਦਾਰਾਂ ਦੀਆਂ ਦੋ-ਦੋ ਤਸਵੀਰਾਂ ਜਮ੍ਹਾਂ ਕਰਵਾਉਣੀਆਂ ਪੈਣਗੀਆਂ ਜਿਹੜੇ ਬੋਰਡਰ ਨੂੰ ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਛੁੱਟੀਆਂ ਵਿਚ ਮਿਲ ਸਕਣ ਜਾਂ ਜਿਹੜੇ ਉਸ ਨੂੰ ਘਰ ਲੈ ਜਾ ਸਕਣ। ਘਰੋਂ ਵਾਪਸ ਆਉਣ ਸਮੇਂ ਬੋਰਡਰ ਲਈ ਲੀਵ ਰਿਕਾਰਡ ਬੁੱਕ ਉੱਪਰ ਮਾਤਾ-ਪਿਤਾ ਦੇ ਹਸਤਾਖ਼ਰ ਕਰਾ ਕੇ ਲਿਆਉਣੇ ਜ਼ਰੂਰੀ ਹਨ।
11. ਕੰਮਕਾਜੀ ਦਿਨਾਂ ਵਿੱਚ ਬੋਰਡਰ ਨੂੰ ਮਿਲਣ ਜਾਂ ਛੁੱਟੀ ਦੁਆਉਣ ਦੀ ਆਗਿਆ ਨਹੀਂ ਹੈ।
12. **ਯੂਨੀਵਰਸਿਟੀ ਪ੍ਰੀਖਿਆਵਾਂ ਦੀਆਂ ਨਿਸ਼ਚਿਤ ਮਿਤੀਆਂ ਅਨੁਸਾਰ ਹੀ ਬੋਰਡਰ ਨੂੰ ਇਮਤਿਹਾਨਾਂ ਦੀ ਤਿਆਰੀ ਦੀਆਂ ਛੁੱਟੀਆਂ ਮਿਲਣਗੀਆਂ। ਇਸ ਤੋਂ ਪਹਿਲਾਂ ਹੋਸਟਲ ਛੱਡਣ ਦੀ ਆਗਿਆ ਨਹੀਂ ਹੈ।**
13. ਹਰ ਛੁੱਟੀ ਤੋਂ ਬਾਅਦ ਜੇਕਰ ਬੋਰਡਰ ਸਮੇਂ ਸਿਰ ਹੋਸਟਲ ਵਿਚ ਨਹੀਂ ਪਹੁੰਚਦੀ ਜਾਂ ਛੁੱਟੀ ਵਧਾਉਣ ਦੀ ਤਾਰ/ਮਾਪਿਆਂ ਤੋਂ ਫੋਨ ਆਦਿ ਨਹੀਂ ਕਰਵਾਉਂਦੀ ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਛੁੱਟੀ ਤੋਂ ਬਾਅਦ ਬੋਰਡਰ ਦੇ ਸਮੇਂ ਸਿਰ ਹੋਸਟਲ ਵਿੱਚ ਨਾ ਪੁੱਜਣ ਦੀ ਸੂਰਤ ਵਿਚ ਉਸ ਸੰਬੰਧੀ ਪੁੱਛ ਪੜਤਾਲ ਦਾ ਖਰਚਾ ਜਿਵੇਂ ਚਿੱਠੀ, ਤਾਰ, ਟੈਲੀਫੋਨ ਜਾਂ ਵਿਅਕਤੀ ਨੂੰ ਭੇਜਣ ਆਦਿ ਦਾ ਜਾਂ ਬਿਮਾਰ ਹੋਣ ਦੀ ਸੂਰਤ ਵਿਚ ਹਸਪਤਾਲ ਆਦ ਦਾ ਖਰਚਾ ਵਿਦਿਆਰਥਣਾਂ ਤੋਂ ਲਿਆ ਜਾਵੇਗਾ।
14. ਹੋਸਟਲ ਦੀਆਂ ਵਿਦਿਆਰਥਣਾਂ ਕਾਲਜ ਖ਼ਤਮ ਹੋਣ ਤੋਂ ਬਾਅਦ ਬਜ਼ਾਰ, ਬੈਂਕ ਆਦਿ ਦੇ ਕੰਮ ਲਈ ਕਾਲਜ ਤੋਂ ਬਾਹਰ ਜਾ ਸਕਦੀਆਂ ਹਨ। ਗਰਮੀਆਂ ਵਿੱਚ 6:30 ਵਜੇ ਅਤੇ ਸਰਦੀਆਂ ਵਿੱਚ 5 ਵਜੇ ਤੱਕ ਹੋਸਟਲ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ। ਨਾ ਹਾਜ਼ਰ ਹੋਰ ਦੀ ਸੂਰਤ ਵਿੱਚ ਉਨ੍ਹਾਂ ਦੇ ਮਾਪਿਆਂ ਨੂੰ ਤੁਰੰਤ ਸੂਚਿਤ ਕੀਤਾ ਜਾਵੇਗਾ ਅਤੇ ਹੋਸਟਲ ਖਾਲੀ ਕਰਵਾਇਆ ਜਾਵੇਗਾ।
15. ਹੋਸਟਲ ਵਿਚ ਰਹਿਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਲਈ ਹਰ ਰੋਜ਼ ਰਾਤ ਨੂੰ ਸਟੱਡੀ ਪੀਰੀਅਡ ਹੋਵੇਗਾ ਜਿਸ ਵਿਚ ਵਿਦਿਆਰਥਣਾਂ ਪੜ੍ਹਨ ਵਿਚ ਦਿਲਚਸਪੀ ਲੈਣਗੀਆਂ। ਇਸ ਸਮੇਂ ਤੋਂ ਬਾਅਦ ਬਿਜਲੀ ਜਗਾਉਣ ਦੀ ਆਗਿਆ ਨਹੀਂ ਹੋਵੇਗੀ।
16. ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾਂ ਦੇ ਮਾਪੇ/ਰਿਸ਼ਤੇਦਾਰ ਮਹੀਨੇ ਦੇ ਪਹਿਲੇ ਅਤੇ ਤੀਸਰੇ ਐਤਵਾਰ ਸਵੇਰੇ 9:30 ਤੋਂ 2:30 ਦੁਪਹਿਰ ਤੱਕ ਮਿਲ ਸਕਦੇ ਹਨ, ਪਰ ਕਮਰੇ ਵਿੱਚ ਨਹੀਂ ਜਾ ਸਕਦੇ। ਮਾਪਿਆਂ/ਰਿਸ਼ਤੇਦਾਰ ਕੋਲ ਸ਼ਨਾਖਤੀ ਕਾਰਡ ਹੋਣਾ ਬਹੁਤ ਜ਼ਰੂਰੀ ਹੈ ਜੋ ਦਾਖ਼ਲੇ ਸਮੇਂ ਬਣਾਇਆ ਜਾਂਦਾ ਹੈ।
17. ਜੇਕਰ ਬੋਰਡਰ ਦਾ ਵਤੀਰਾ ਠੀਕ ਨਹੀਂ ਹੈ ਜਾਂ ਪੜ੍ਹਾਈ ਦੇ ਦੌਰਾਨ ਉਸ ਦੀ ਸ਼ਾਦੀ ਹੋ ਜਾਂਦੀ ਹੈ ਤਾਂ ਉਹ ਪਹਿਲਾਂ ਹੀ ਸ਼ਾਦੀ ਸ਼ੁਦਾ ਹੈ ਤਾਂ ਉਸ ਨੂੰ ਹੋਸਟਲ ਵਿੱਚ ਨਹੀਂ ਰੱਖਿਆ ਜਾਵੇਗਾ।

18. ਕਿਸੇ ਵੀ ਬੋਰਡਰ ਕੋਲ ਗਹਿਣੇ ਕੋਈ ਵੀ ਕੀਮਤੀ ਵਸਤੂ ਮਹਿੰਗੇ ਮੋਬਾਇਲ ਜਾਂ ਹੋਰ ਇਹ ਸਮਾਨ ਗੁੰਮ ਜਾਂ ਚੋਰੀ ਹੋਣ ਦੀ ਸੂਰਤ ਵਿੱਚ ਵਿਦਿਆਰਥਣ ਖੁਦ ਜਿੰਮੇਵਾਰ ਹੋਵੇਗੀ।

19. ਕਿਸੇ ਵੀ ਬੋਰਡਰ ਨੂੰ ਬਿਜਲੀ ਦੇ ਸਮਾਨ ਜਿਵੇਂ ਹੀਟਰ, ਪ੍ਰੈੱਸ, ਰੇਡੀਓ (ਸੈੱਲਾਂ ਨਾਲ ਚੱਲਣ ਵਾਲਾ) ਆਦਿ ਦੀ ਵਰਤੋਂ ਦੀ ਆਗਿਆ ਨਹੀਂ ਹੈ। ਜੋ ਕੋਈ ਵਿਦਿਆਰਥਣ ਇਸ ਦੀ ਉਲੰਘਣਾ ਕਰੇਗੀ ਤਾਂ ਇਹ ਸਮਾਨ ਕਾਲਜ ਵੱਲੋਂ ਜ਼ਬਤ ਕਰ ਲਿਆ ਜਾਵੇਗਾ।

20. ਹੋਸਟਲ ਦੀ ਕਿਸੇ ਵਸਤੂ ਦੇ ਕੀਤੇ ਨੁਕਸਾਨ ਦਾ ਹਰਜਾਨਾ ਭਰਵਾ ਲਿਆ ਜਾਵੇਗਾ।

21. ਹੋਸਟਲ ਵਿਚ ਦਾਖ਼ਲੇ ਸਮੇਂ ਲੀਵ ਬੁੱਕ ਦਿੱਤੀ ਜਾਵੇਗੀ। ਗੰਮ ਹੋਣ ਦੀ ਸੂਰਤ ਵਿਚ 50/- ਰੁਪਏ ਦੁਬਾਰਾ ਭਰ ਕੇ ਨਵੀਂ ਬਣਵਾਈ ਜਾ ਸਕਦੀ ਹੈ। ਪੁਰਾਣੀਆਂ ਵਿਦਿਅਰਥਣਾਂ ਪੁਰਾਣੀ ਲੀਵ ਬੁੱਕ ਨਹੀਂ ਵਰਤ ਸਕਦੀਆਂ।

22. ਬੋਰਡਰ ਦੇ ਖਾਣ ਪੀਣ ਅਤੇ ਰਹਿਣ ਤੱਕ ਦੀ ਹੀ ਜ਼ਿੰਮੇਵਾਰੀ ਹੈ, ਬਾਕੀ ਹੋਰ ਕਿਸੇ ਕਿਸਮ ਦੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ।

23. ਪ੍ਰਿੰਸੀਪਲ ਜਾਂ ਪ੍ਰਿੰਸੀਪਲ ਦੁਆਰਾ ਨਿਯੁਕਤ ਕੀਤੇ ਗਏ ਅਧਿਕਾਰੀ ਤੋਂ ਇਲਾਵਾ ਕਿਸੇ ਹੋਰ ਅਧਿਕਾਰੀ ਨੂੰ ਹੋਸਟਲ ਦੀਆਂ ਵਿਦਿਆਰਥਣਾਂ ਦੀ ਛੁੱਟੀ ਮਨਜ਼ੂਰ ਕਰਨ ਦਾ ਅਧਿਕਾਰ ਨਹੀਂ ਹੈ।

24. ਵਿਦਿਆਰਥਣਾਂ ਨੂੰ ਹੋਸਟਲ ਛੱਡਣ ਦੀ ਆਗਿਆ ਤਦ ਹੀ ਮਿਲ ਸਕਦੀ ਹੈ ਜੇਕਰ ਉਸ ਦੇ ਮਾਤਾ-ਪਿਤਾ/ਸਰਪ੍ਰਸਤ ਜਿਨ੍ਹਾਂ ਨੇ ਉਸ ਨੂੰ ਕਾਲਜ ਵਿਚ ਦਾਖ਼ਲ ਕਰਵਾਇਆ ਸੀ, ਵਿਅਕਤੀਗਤ ਰੂਪ ਵਿਚ ਆ ਕੇ ਮਨਜ਼ੂਰੀ ਲੈਣ। ਇਕ ਵਾਰੀ ਹੋਸਟਲ ਛੱਡਣ ਤੋਂ ਪਿੱਛੋਂ ਵਿਦਿਆਰਥਣ ਦੇ ਕਿਸੇ ਕਿਸਮ ਦੇ ਸਮਾਨ ਦੀ ਜ਼ਿੰਮੇਵਾਰੀ ਕਿਸੇ ਹੋਸਟਲ ਅਧਿਕਾਰੀ ਦੀ ਨਹੀਂ ਹੋਵੇਗੀ।

25. ਬੋਰਡਰ ਤੋਂ ਇਲਾਵਾ ਕੋਈ ਵਿਦਿਆਰਥਣ ਪ੍ਰਿੰਸੀਪਲ ਦੀ ਲਿਖਤੀ ਆਗਿਆ ਬਿਨਾਂ ਹੋਸਟਲ ਵਿਚ ਨਹੀਂ ਰਹਿ ਸਕਦੀ।

26. ਹੋਸਟਲ ਸੰਬਧੀ ਹਰ ਪ੍ਰਕਾਰ ਦੇ ਖਰਚਿਆਂ ਦੀ ਰਕਮ ਦਫ਼ਤਰ ਦੇ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।

27. ਉਨ੍ਹਾਂ ਵਿਦਿਆਰਥਣਾਂ ਨੂੰ ਹੋਸਟਲ ਵਿਚ ਦਾਖ਼ਲਾ ਨਹੀਂ ਮਿਲੇਗਾ ਜਿਨ੍ਹਾਂ ਨੇ ਪਿਛਲੇ ਸਾਲਾਂ ਦੀ ਠਹਿਰ ਦੌਰਾਨ ਕਿਸੇ ਵੀ ਰੂਪ ਵਿਚ ਅਨੁਸ਼ਾਸਨ ਦੀ ਪਾਲਣਾ ਨਹੀਂ ਸੀ ਕੀਤੀ ਜਾਂ ਸੈਸ਼ਨ ਦੌਰਾਨ ਹੋਸਟਲ ਛੱਡਿਆ ਸੀ।

28. ਨਿਯਮਾਂ ਦੀ ਉਲੰਘਣਾ ਕਰਨ ਅਤੇ ਹੜਤਾਲਾਂ ਆਦਿ ਵਿਚ ਸਿੱਧੇ ਜਾਂ ਅਸਿੱਧੇ ਤੌਰ ਤੇ ਭਾਗ ਲੈਣ ਤੇ ਅਨੁਸ਼ਾਸਨੀ ਕਾਰਵਾਈ ਕਰਕੇ ਹੋਸਟਲ ਵਿਚੋਂ ਬਰਤਰਫ ਕੀਤਾ ਜਾ ਸਕਦਾ ਹੈ।

29. ਮਾਪੇ ਆਪਣੀ ਲੜਕੀ ਨੂੰ ਹੋਸਟਲ ਵਿਚ ਕਾਲਜ ਲੱਗਣ ਤੋਂ ਇਕ ਦਿਨ ਪਹਿਲਾਂ ਛੱਡ ਕੇ ਜਾਣਗੇ।

30. ਲੰਮੀਆਂ ਛੁੱਟੀਆਂ ਵਿਚ ਲੜਕੀ ਆਪਣੇ ਘਰ ਪਹਿਲੀ ਛੁੱਟੀ ਵਾਲੇ ਦਿਨ ਜਾ ਸਕੇਗੀ।

31. 1) ਹੋਸਟਲ ਦੀ ਹਰ ਵਿਦਿਆਰਥਣ ਨੂੰ 15 ਦਿਨਾਂ ਬਾਅਦ ਹੀ ਦੋ ਦਿਨ ਵਾਸਤੇ ਘਰ ਜਾਣ ਦੀ ਆਗਿਆ ਹੋਵੇਗੀ।

2) ਰਾਜਪੁਰਾ, ਨਾਭਾ, ਸਰਹਿੰਦ, ਸਮਾਣਾ ਅਤੇ ਭਵਾਨੀਗੜ੍ਹ ਆਦਿ ਅਤੇ ਨੇੜੇ-ਤੇੜੇ ਦੇ ਖੇਤਰ ਦੀਆਂ ਵਿਦਿਆਰਥਣਾਂ ਆਪਣੇ ਮਾਪਿਆਂ ਦੀ ਆਗਿਆ ਅਨੁਸਾਰ ਆਪ ਹੀ ਘਰ ਜਾ ਸਕਦੀਆਂ ਹਨ। ਇਨ੍ਹਾਂ ਦੇ ਰਿਸ਼ਤੇਦਾਰਾਂ ਲਈ ਕੋਈ ਵਿਜ਼ਿਟਿੰਗ ਡੇ ਨਹੀਂ ਹੋਵੇਗਾ।

3) ਦੂਰ ਦੇ ਖੇਤਰ ਵਾਲੀਆਂ ਵਿਦਿਆਰਥਣਾਂ ਦੇ ਰਿਕਾਰਡ ਕਾਰਡ ਉੱਤੇ ਮਾਪੇ ਰਿਸ਼ਤੇਦਾਰਾਂ/ਰਿਸ਼ਤੇਦਾਰ ਦੀਆਂ ਕੇਵਲ ਦੋ ਫੋਟੋਆਂ ਲਗਾਈਆਂ ਜਾਣਗੀਆਂ। ਇਨ੍ਹਾਂ ਦੇ ਲਈ ਮਹੀਨੇ ਦੇ ਪਹਿਲੇ ਅਤੇ ਤੀਸਰੇ ਐਤਵਾਰ ਵਿਜ਼ਿਟਿੰਗ ਡੇ ਹੋਵੇਗਾ। ਇੱਕ ਵਿਜ਼ਿਟਿੰਗ ਕਾਰਡ ਉੱਤੇ ਕੇਵਲ ਇਕ ਹੀ ਮੈਂਬਰ ਮਿਲ ਸਕਦਾ ਹੈ ਅਤੇ ਕਾਰਡ ਨਾਲ ਲਿਆਉਣਾ ਬਹੁਤ ਹੀ ਜ਼ਰੂਰੀ ਹੈ। ਜੇਕਰ ਬਿਨ੍ਹਾਂ ਕਾਰਡ ਤੋਂ ਮਿਲਣ ਦੀ ਜਿੱਦ ਕਰੇਗਾ ਤਾਂ ਇਸ ਅਨੁਸ਼ਾਸਨ ਹੀਣਤਾ ਸਮਝਿਆ ਜਾਵੇਗਾ।

32. ਕਾਲਜ ਦੇ ਹੋਸਟਲ ਵਿਚ ਦਾਖ਼ਲਾ ਲੈਣ ਉਪਰੰਤ ਸਾਲਾਨਾ ਪ੍ਰੀਖਿਆ ਤੋਂ ਪਹਿਲਾਂ ਹੋਸਟਲ ਛੱਡਣ ਵਾਲੇ ਵਿਦਿਆਰਥੀ ਨੂੰ ਪੂਰੇ ਸੈਸ਼ਨ ਦੀ ਹੋਸਟਲ-ਫ਼ੀਸ ਅਤੇ ਮੈੱਸ ਦਾ ਪੂਰਾ ਖਰਚ ਦੇਣਾ ਪਵੇਗਾ।

**ਨੋਟ : ਮੈੱਸ ਸੰਬੰਧੀ ਖਰਚੇ/ਸਕਿਓਰਟੀ ਆਦਿ ਨਿਯਮ ਹੋਸਟਲ ਵਿਚ ਦਾਖ਼ਲਾ ਦੇਣ ਸਮੇਂ ਦੱਸੇ ਜਾਣਗੇ।**

## ਸੈਸ਼ਨ 2018-19 ਲਈ ਦਾਖਲੇ ਦੀਆਂ ਮਿਤੀ ਦਾ ਵੇਰਵਾ

| ਕਲਾਸ | ਫ਼ਾਰਮ ਜਮ੍ਹਾਂ ਕਰਾਉਣ ਦੀ ਮਿਤੀ | ਇੰਟਰਵਿਊ ਦੀ ਮਿਤੀ | ਮੈਰਿਟ | ਸਮਾਂ | ਸਥਾਨ |
|---|---|---|---|---|---|
| ਪੀ.ਜੀ.ਡੀ.ਸੀ.ਏ., ਐਮ.ਐਸ.ਸੀ. ਭਾਗ-I (IT) ਰੈਗੂਲਰ<br>ਐਮ.ਐਸ.ਸੀ. ਭਾਗ-II (IT) ਰੈਗੂਲਰ | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 16 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ | ਕੰਪਿਊਟਰ ਲੈਬ |
| ਬੀ.ਸੀ.ਏ.-I (ਸਮੈਸਟਰ I)<br>ਬੀ.ਸੀ.ਏ.-II (ਸਮੈਸਟਰ III)<br>ਬੀ.ਸੀ.ਏ.-III (ਸਮੈਸਟਰ V) | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 16 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ | ਕੰਪਿਊਟਰ ਲੈਬ |
| ਬੀ.ਐਸ.ਸੀ. (ਬਾਇਓਟੈਕਨੋਲੋਜੀ ਆਨਰਜ਼ ਭਾਗ I)<br>ਬੀ.ਐਸ.ਸੀ. (ਬਾਇਓਟੈਕਨੋਲੋਜੀ ਆਨਰਜ਼ ਭਾਗ II) | 16 ਜੁਲਾਈ 2018<br>16 ਜੁਲਾਈ 2018 | 17 ਤੋਂ 23 ਜੁਲਾਈ 2018<br>17 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ<br>ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ<br>9:30 ਵਜੇ ਸਵੇਰੇ | ਜ਼ੂਆਲੋਜੀ ਲੈਬ<br>ਜ਼ੂਆਲੋਜੀ ਲੈਬ |
| ਬੀ.ਐਸ.ਸੀ. (ਨਾਨ-ਮੈਡੀਕਲ ਭਾਗ I) (ਸਮੈਸਟਰ I)<br>ਕੰਪਿਊਟਰ ਸਾਇੰਸ ਭਾਗ I (ਸਮੈਸਟਰ I) | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 17 ਤੋਂ 18 ਜੁਲਾਈ 2018<br>19 ਤੋਂ 21 ਜੁਲਾਈ 2018<br>23 ਜੁਲਾਈ 2018 | 80% ਤੋਂ ਵੱਧ ਅੰਕ<br>70% ਤੋਂ ਵੱਧ ਅੰਕ<br>ਬਾਕੀ ਹੋਰ ਵਿਦਿਆਰਥੀ | 9:30 ਵਜੇ ਸਵੇਰੇ<br>9:30 ਵਜੇ ਸਵੇਰੇ<br>9:30 ਵਜੇ ਸਵੇਰੇ | ਫਿਜ਼ਿਕਸ ਲੈਬ<br>ਫਿਜ਼ਿਕਸ ਲੈਬ<br>ਫਿਜ਼ਿਕਸ ਲੈਬ |
| ਬੀ.ਐਸ.ਸੀ. (ਨਾਨ-ਮੈਡੀਕਲ) ਭਾਗ II, III (ਸਮੈਸਟਰ I)<br>ਕੰਪਿਊਟਰ ਸਾਇੰਸ ਭਾਗ I (ਸਮੈਸਟਰ III) | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 17 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ | ਫਿਜ਼ਿਕਸ ਲੈਬ |
| ਬੀ.ਐਸ.ਸੀ. (ਹੋਮ ਸਾਇੰਸ) ਭਾਗ I (ਸਮੈਸਟਰ-I, II)<br>ਬੀ.ਐਸ.ਸੀ. (ਹੋਮ ਸਾਇੰਸ) ਭਾਗ II (ਸਮੈਸਟਰ-III, IV) | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 16 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ | ਹੋਮ ਸਾਇੰਸ ਲੈਬ |
| ਬੀ.ਏ. ਭਾਗ-I, II, III | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 16 ਜੁਲਾਈ 2018<br>17 ਜੁਲਾਈ 2018<br>18 ਤੋਂ 23 ਜੁਲਾਈ 2018 | 70% ਤੋਂ ਵੱਧ ਅੰਕ<br>60% ਤੋਂ ਵੱਧ ਅੰਕ<br>ਬਾਕੀ ਹੋਰ ਵਿਦਿਆਰਥੀ | 9:30 ਵਜੇ ਸਵੇਰੇ<br>9:30 ਵਜੇ ਸਵੇਰੇ<br>9:30 ਵਜੇ ਸਵੇਰੇ | ਆਰਟਸ ਬਲਾਕ ਕਮਰਾ ਨੰ. 2, 3, 4 |
| ਬੀ.ਐਸ.ਸੀ. (ਮੈਡੀਕਲ) ਭਾਗ I, II, III | 16 ਜੁਲਾਈ, 2018 | 17 ਤੋਂ 23 ਜੁਲਾਈ 2018<br>16 ਜੁਲਾਈ 2018 | 60% ਤੋਂ ਵੱਧ ਅੰਕ | 9:30 ਵਜੇ ਸਵੇਰੇ | ਜ਼ੂਆਲੋਜੀ ਲੈਬ |
| ਐਮ.ਐਸ.ਸੀ. (ਫੂਡ ਐਂਡ ਨਿਊਟ੍ਰੀਸ਼ਨ) ਭਾਗ I<br>ਐਮ.ਐਸ.ਸੀ. (ਫੂਡ ਐਂਡ ਨਿਊਟ੍ਰੀਸ਼ਨ) ਭਾਗ II | ਦਾਖ਼ਲਾ ਫਾਰਮ ਇੰਟਰਵਿਊ ਭਾਗ ਪਹਿਲਾ<br>ਦਾਖ਼ਲਾ ਫਾਰਮ ਇੰਟਰਵਿਊ ਭਾਗ ਪਹਿਲਾ | 18 ਜੁਲਾਈ 2018<br>19 ਜੁਲਾਈ 2018 | ਮੈਰਿਟ ਦੇ ਅਧਾਰ ਤੇ<br>ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ<br>9:30 ਵਜੇ ਸਵੇਰੇ | ਐਮ.ਐਸ.ਸੀ. ਵਿਭਾਗ<br>ਐਮ.ਐਸ.ਸੀ. ਵਿਭਾਗ |
| ਐਮ.ਏ. (ਫਾਈਨ ਆਰਟਸ, ਮਿਊਜ਼ਿਕ ਵੋਕਲ, ਡਾਂਸ) (ਸਮੈਸਟਰ-I) | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 16 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ | ਫਾਈਨ ਆਰਟਸ, ਮਿਊਜ਼ਿਕ, ਤੇ ਡਾਂਸ ਵਿਭਾਗ |
| ਐਮ.ਏ. (ਫਾਈਨ ਆਰਟਸ, ਮਿਊਜ਼ਿਕ ਵੋਕਲ, ਡਾਂਸ) (ਸਮੈਸਟਰ-III) | ਦਾਖ਼ਲਾ ਫਾਰਮ ਇੰਟਰਵਿਊ ਵਾਲੇ ਦਿਨ ਹੀ ਲਿਆਏ ਜਾਣ | 16 ਤੋਂ 23 ਜੁਲਾਈ 2018 | ਮੈਰਿਟ ਦੇ ਅਧਾਰ ਤੇ | 9:30 ਵਜੇ ਸਵੇਰੇ | ਫਾਈਨ ਆਰਟਸ, ਮਿਊਜ਼ਿਕ, ਤੇ ਡਾਂਸ ਵਿਭਾਗ |

ਨੋਟ : 1. ਜਿਨ੍ਹਾਂ ਵਿਦਿਆਰਥਣਾਂ ਦਾ ਨਤੀਜਾ ਦਾਖਲੇ ਦੀਆਂ ਨਿਰਧਾਰਿਤ ਮਿਤੀਆਂ ਤੱਕ ਨਹੀਂ ਆਉਂਦਾ, ਉਹ ਵਿਦਿਆਰਥਣਾਂ ਨਤੀਜਾ ਨਿਕਲਣ ਤੋਂ ਬਾਅਦ ਤੁਰੰਤ ਕਾਲਜ ਨਾਲ ਸੰਪਰਕ ਕਰਨ।

2. ਸਮੈਸਟਰ ਸਿਸਟਮ ਪ੍ਰਣਾਲੀ ਅਤੇ ਸਾਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ ਮਿਤੀ : 23-07-2018 ਤੱਕ (ਬਿਨਾਂ ਲੇਟ ਫੀਸ)
3. ਬੀ.ਏ. ਪਹਿਲਾ ਦੀ ਅਸੈਂਬਲੀ ਮਿਤੀ : 24-07-18 ਨੂੰ ਸਭਾ ਭਵਨ ਵਿੱਚ 11 ਵਜੇ (ਸਵੇਰੇ) ਹੋਵੇਗੀ।
4. ਬੀ.ਏ. ਪਹਿਲਾ ਦੀਆਂ ਕਲਾਸਾਂ 25-07-2018 ਤੋਂ ਸ਼ੁਰੂ ਹੋਣਗੀਆਂ।

## ਪੰਜਾਬੀ ਯੂਨੀਵਰਸਿਟੀ ਦੁਆਰਾ ਦਾਖ਼ਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ :

(ਕਾਲਜ 16 ਜੁਲਾਈ, 2018 ਤੋਂ ਸ਼ੁਰੂ ਹੋਵੇਗਾ)

| | |
|---|---|
| 1. ਬਿਨ੍ਹਾਂ ਲੇਟ ਫ਼ੀਸ | 16.07.18 ਤੋਂ 23.07.18 ਤੱਕ |
| 2. 500/- ਰੁਪਏ ਲੇਟ ਫ਼ੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 24.07.18 ਤੋਂ 03.08.18 ਤੱਕ |
| 3. 1000/- ਰੁਪਏ ਲੇਟ ਫ਼ੀਸ ਅਤੇ ਡੀਨ ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 04.08.18 ਤੋਂ 10.08.18 ਤੱਕ |
| 4. 1500/- ਰੁਪਏ ਲੇਟ ਫ਼ੀਸ ਅਤੇ ਵਾਈਸ ਚਾਂਸਲਰ ਦੀ ਪ੍ਰਵਾਨਗੀ ਨਾਲ | 11.08.18 ਤੋਂ 20.08.18 ਤੱਕ |
| 5. 2000/- ਰੁਪਏ ਲੇਟ ਫ਼ੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ ਚਾਂਸਲਰ ਦੀ ਪ੍ਰਵਾਨਗੀ ਨਾਲ | 21.08.18 ਤੋਂ 31.08.18 ਤੱਕ |

### ਸਮੈਸਟਰ ਸਿਸਟਮ ਦੀ ਪੜ੍ਹਾਈ/ਇਮਤਿਹਾਨ

| | |
|---|---|
| 1. ਪਹਿਲੇ ਸਮੈਸਟਰ ਦੀ ਪੜ੍ਹਾਈ | 16.07.18 ਤੋਂ 20.11.18 ਤੱਕ |
| 2. ਪਹਿਲੇ ਸਮੈਸਟਰ ਦੇ ਇਮਤਿਹਾਨ | 26.11.18 |
| 3. ਦੂਜੇ ਸਮੈਸਟਰ ਦੀ ਪੜ੍ਹਾਈ | 08.01.19 ਤੋਂ 02.05.19 ਤੱਕ |
| 4. ਦੂਜੇ ਸਮੈਸਟਰ ਦੇ ਇਮਤਿਹਾਨ | 06.05.19 |

**ਯੂਨੀਵਰਸਿਟੀ ਦੇ ਪੱਤਰ ਨੰਬਰ 6899/6900 ਮਿਤੀ 29-3-16 ਅਨੁਸਾਰ ਸਮੈਸਟਰ ਪ੍ਰਣਾਲੀ ਲਈ 31 ਅਗਸਤ ਤੋਂ ਬਾਅਦ ਕਿਸੇ ਵੀ ਕੋਰਸ ਵਿੱਚ ਦਾਖ਼ਲੇ ਦੀ ਸੁਵਿਧਾ/ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਜਿਸ ਮਿਤੀ ਨੂੰ ਦਾਖ਼ਲਾ ਕੀਤਾ ਜਾਣਾ ਹੈ ਫ਼ੀਸ ਦਾ ਚਲਾਨ ਉਸੇ ਮਿਤੀ ਦਾ ਹੋਣਾ ਚਾਹੀਦਾ ਹੈ।**

### ਪੰਜਾਬੀ ਯੂਨੀਵਰਸਿਟੀ ਦੁਆਰਾ ਨਿਸ਼ਚਿਤ ਛੁੱਟੀਆਂ ਦਾ ਵੇਰਵਾ

| | |
|---|---|
| ਗਰਮੀਆਂ ਦੀਆਂ ਛੁੱਟੀਆਂ | 04.06.2018 ਤੋਂ 14.07.2018 ਤੱਕ |
| ਸਰਦੀ ਦੀਆਂ ਛੁੱਟੀਆਂ | 24.12.2018 ਤੋਂ 06.01.2019 ਤੱਕ |

**ਨੋਟ :** ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਰਕਾਰ ਵੱਲੋਂ ਨਿਸ਼ਚਿਤ ਛੁੱਟੀਆਂ ਦੀ ਸੂਚਨਾ ਸਮੇਂ-ਸਮੇਂ ਤੇ ਕਾਲਜ ਦੇ ਨੋਟਿਸ ਬੋਰਡ ਤੇ ਲਗਾ ਦਿੱਤੀ ਜਾਵੇਗੀ।

**ਵਿਸ਼ੇਸ਼ ਨੋਟ :**

1. ਇਸ ਪ੍ਰਾਸਪੈਕਟਸ ਵਿੱਚ ਬਿਨ੍ਹਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਿੰਸੀਪਲ ਦੁਆਰਾ ਸੈਸ਼ਨ ਦੌਰਾਨ ਕਾਲਜ ਦੇ ਨਿਯਮਾਂ ਵਿੱਚ ਲੋੜ ਅਨੁਸਾਰ ਕਿਸੇ ਤਰ੍ਹਾਂ ਦੀ ਵੀ ਤਬਦੀਲੀ ਕੀਤੀ ਜਾ ਸਕਦੀ ਹੈ।
2. ਦਾਖ਼ਲੇ ਦੀਆਂ ਮਿਤੀਆਂ ਅਤੇ ਹੋਰ ਨਿਯਮਾਂ ਸੰਬੰਧੀ ਜੇਕਰ ਯੂਨੀਵਰਸਿਟੀ ਵੱਲੋਂ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਕੀਤੀ ਗਈ ਤਬਦੀਲੀ ਬਾਰੇ ਵਿਦਿਆਰਥੀਆਂ ਨੂੰ ਕਾਲਜ ਨੋਟਿਸ ਬੋਰਡ ਉੱਤੇ ਸਮੇਂ-ਸਮੇਂ ਲਗਾਏ ਨੋਟਿਸਾਂ ਰਾਹੀਂ ਹੀ ਸੂਚਿਤ ਕੀਤਾ ਜਾਵੇਗਾ।
3. ਉਮੀਦਵਾਰ ਦਾਖ਼ਲਾ ਫਾਰਮ ਜਮ੍ਹਾ ਕਰਾਉਣ/ਦਾਖ਼ਲੇ ਲਈ ਆਉਣ ਤੋਂ ਪਹਿਲਾਂ ਪ੍ਰਾਸਪੈਕਟਸ ਵਿੱਚ ਦਰਸਾਏ ਦਾਖ਼ਲੇ ਸੰਬੰਧੀ ਅਤੇ ਹੋਰ ਨਿਯਮ ਧਿਆਨ ਨਾਲ ਪੜ੍ਹ ਲੈਣ। ਦਾਖ਼ਲਾ ਨਿਰੋਲ ਮੈਰਿਟ ਦੇ ਅਧਾਰ ਤੇ ਹੋਵੇਗਾ।

"ਫ਼ਾਰਮ 6"
**ਵੇਖੋ ਨਿਯਮ 13(1) ਅਤੇ 26**

ਵੋਟਰ ਸੂਚੀ ਵਿਚ ਨਾਮ ਸ਼ਾਮਿਲ ਕਰਨ ਲਈ ਬਿਨੈ-ਪੱਤਰ

ਸੇਵਾ ਵਿਖੇ

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,

................................ਵਿਧਾਨ ਸਭਾ/ਲੋਕ ਸਭਾ ਚੋਣ ਹਲਕਾ

**ਹਾਲ ਹੀ ਵਿਚ ਖਿਚਿਆ ਗਿਆ ਪਾਸਪੋਰਟ ਸਾਈਜ਼ ਦਾ ਫੋਟੋ (3.5 ਸੈਂ.ਮੀ. × 3.5 ਸੈਂ.ਮੀ.) ਜਿਸ ਵਿੱਚ ਇਸ ਬਕਸੇ ਦੇ ਅੰਦਰ ਪੂਰੇ ਚੇਹਰੇ ਦੀ ਸਾਹਮਣੇ ਤੋਂ ਸ਼ਕਲ ਸਪੱਸ਼ਟ ਹੋਵੇ, ਚਿਪਕਾਉਣ ਲਈ ਥਾਂ**

ਸ਼੍ਰੀਮਾਨ ਜੀ,

ਮੈਂ ਬੇਨਤੀ ਕਰਦਾ/ਕਰਦੀ ਹਾਂ ਕਿ ਉਪਰੋਕਤ ਚੋਣ ਹਲਕੇ ਲਈ ਵੋਟਰ ਸੂਚ ਵਿਚ ਮੇਰਾ ਨਾਮ ਸ਼ਾਮਿਲ ਕੀਤਾ ਜਾਵੇ। ਵੋਟਰ ਸੂਚੀ ਵਿਚ ਸ਼ਾਮਿਲ ਕਰਨ ਲਈ ਮੇਰੇ ਦਾਅਵੇ ਦੇ ਸਮਰਥਨ ਵਿਚ ਵੇਰਵੇ ਹੇਠਾਂ ਦਿੱਤੇ ਗਏ ਹਨ:

| | | | |
|---|---|---|---|
| I. ਬਿਨੈਕਾਰ ਦੇ ਵੇਰਵੇ | ਨਾਮ | | ਉਪ ਨਾਮ (ਜੇ ਕੋਈ ਹੈ) |
| I. ਜਨਵਰੀ..............ਨੂੰ ਉਮਰ* | ਸਾਲ : | ਮਹੀਨੇ : | ਲਿੰਗ (ਪੁਰਸ਼/ਇਸਤਰੀ/ਹੋਰ) : |
| ਜਨਮ ਮਿਤੀ ਜੇਕਰ ਪਤਾ ਹੋਵੇ | ਦਿਨ : | ਮਹੀਨਾ : | ਸਾਲ : |
| ਜਨਮ ਸਥਾਨ | ਪਿੰਡ/ਸ਼ਹਿਰ : | | |
| | ਜ਼ਿਲ੍ਹਾ : | | ਰਾਜ : |
| *ਪਿਤਾ/ਮਾਤਾ/ਪਤੀ ਦਾ ਨਾਮ | ਨਾਮ | | ਉਪ ਨਾਮ (ਜ਼ੇਕੋਈ ਹੈ) |

| | |
|---|---|
| II. ਅਸਥਾਈ ਰਿਹਾਇਸ਼ ਦਾ ਵੇਰਵਾ (ਪੂਰਾ ਪਤਾ) : | |
| ਮਕਾਨ/ਘਰ ਨੰਬਰ: | |
| ਗਲੀ/ਖੇਤਰ/ਇਲਾਕਾ/ਮੁਹੱਲਾ/ਸੜਕ : | |
| ਸ਼ਹਿਰ/ਪਿੰਡ: | |
| ਡਾਕਖਾਨਾ : | ਪਿੰਨ ਕੋਡ |
| ਤਹਿਸੀਲ/ਤਾਲੁਕਾ/ਮੰਡਲ/ਥਾਣਾ : | |
| ਜ਼ਿਲ੍ਹਾ : | |

III. ਚੋਣ ਹਲਕੇ ਦੀ ਚਾਲੂ ਵੋਟਰ ਸੂਚੀ ਵਿਚ ਬਿਨੈਕਾਰ ਦੇ ਪਰਿਵਾਰ ਦੇ ਸ਼ਾਮਿਲ ਮੈਂਬਰ/ਮੈਂਬਰਾਂ ਦਾ ਵੇਰਵਾ :

| ਨਾਮ | ਬਿਨੈਕਾਰ ਨਾਲ ਰਿਸ਼ਤਾ | ਚੋਣ ਹਲਕੇ ਦੀ ਵੋਟਰ ਸੂਚੀ ਦਾ ਭਾਗ ਨੰ: | ਉਸ ਭਾਗ ਦਾ ਲੜੀ ਨੰ: | ਵੋਟਰ ਦਾ ਫੋਟੋ ਸ਼ਨਾਖਤੀ ਕਾਰਡ ਨੰਬਰ |
|---|---|---|---|---|
| 1. | | | | |
| 2. | | | | |

£ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣ ਹਲਕਾ ਨਾ ਹੋਣ ਕਾਰਣ।
# ਕ੍ਰਿਪਾ ਕਰਕੇ ਸਾਲ 2009, 2010 ਆਦਿ ਦਿਓ।
$ ਬਿਨੈਕਾਰ ਵਲੋਂ ਲਿੰਗ ਵਾਲੇ ਕਾਲਮ ਵਿੱਚ 'ਹੋਰ' ਭਰਿਆ ਜਾਵੇ ਜੇ ਉਹ ਪੁਰਸ਼/ਇਸਤਰੀ ਨਹੀਂ ਦਰਸਾਉਣਾ ਚਾਹੁੰਦਾ।
* ਅਣਉਚਿਤ ਵਿਕਪਲ ਕੱਟ ਦਿਓ।

IV. ਘੋਸ਼ਣਾ

ਮੈਂ ਇਸ ਰਾਹੀਂ ਆਪਣੇ ਪੂਰੇ ਗਿਆਨ ਤੇ ਵਿਸ਼ਵਾਸ ਨਾਲ ਘੋਸ਼ਣਾ ਕਰਦਾ / ਕਰਦੀ ਹਾਂ ਕਿ :-

(i) ਮੈਂ ਭਾਰਤ ਦਾ / ਦੀ ਨਾਗਰਿਕ ਹਾਂ;

(ii) ਮੈਂ ............................................ (ਮਿਤੀ, ਮਹੀਨਾ, ਸ਼ਾਲ) ਤੋਂ ਉਪਰੋਕਤ ਪੈਰ੍ਹਾ II ਵਿਚ ਦਿੱਤੇ ਪਤੇ ਤੇ ਰਹਿੰਦਾ ਹਾਂ;

(iii) ਮੈਂ ਆਪਣੇ ਨਾਂ ਨੂੰ ਕਿਸੇ ਹੋਰ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਸ਼ਾਮਿਲ ਕਰਨ ਲਈ ਬਿਨੈ-ਪੱਤਰ ਨਹੀਂ ਦਿੱਤਾ;

(iv) ਇਸ ਜਾਂ ਕਿਸੇ ਹੋਰ ਵਿਧਾਨ ਸਭਾ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਮੇਰਾ ਨਾਮ ਪਹਿਲਾਂ ਸ਼ਾਮਿਲ ਨਹੀਂ ਕੀਤਾ ਗਿਆ ਹੈ।

ਜਾਂ

ਮੇਰਾ ਨਾਮ ............................................................ ਰਾਜ ਦੇ ................................ ਚੋਣ ਹਲਕੇ ਦੇ, ਜਿਥੇ ਮੈਂ ਹੇਠਾਂ ਦਿੱਤੇ ਪਤੇ ਤੇ ਪਹਿਲਾਂ ਅਸਥਾਈ ਤੌਰ ਤੇ ਰਹਿੰਦਾ ਸੀ, ਦੀ ਵੋਟਰ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੋਵੇਗਾ ਅਤੇ ਜੇਕਰ ਅਜਿਹਾ ਹੈ ਤਾਂ ਮੈਂ ਬੇਨਤੀ ਕਰਦਾ/ਕਰਦੀ ਹਾਂ ਕਿ ਉਸਨੂੰ ਵੋਟਰ ਸੂਚੀ ਤੋਂ ਕੱਟ ਦਿੱਤਾ ਜਾਵੇ

| ਪੂਰਾ ਪਤਾ (ਅਸਥਾਈ ਰਿਹਾਇਸ਼ ਦਾ ਪਹਿਲਾ ਪਤਾ) | ਵੋਟਰ ਦਾ ਫੋਟੋ ਸ਼ਨਾਖਤੀ ਕਾਰਡ ਨੰਬਰ (ਜੇ ਜਾਰੀ ਕੀਤਾ ਗਿਆ ਹੈ) ਦਾ |
|---|---|
| ............................................<br>............................................<br>............................................<br>............................................ | ..................................<br>ਜਾਰੀ ਕਰਨ ਦੀ ਮਿਤੀ ................ |

ਸਥਾਨ :

ਮਿਤੀ : ਦਾਅਵੇਦਾਰ ਦੇ ਹਸਤਾਖਰ ਜਾਂ ਅੰਗੂਠੇ ਦਾ ਨਿਸ਼ਾਨ

ਕ੍ਰਿਪਾ ਕਰਕੇ ਆਪਣਾ ਮੋਬਾਇਲ ਫੋਨ ਨੰਬਰ/ਈ-ਮੇਲ ਆਈ.ਡੀ. ਦਿੱਤਾ ਜਾਵੇ..........................................................

ਟਿੱਪਣੀ - ਕੋਈ ਵਿਅਕਤੀ ਜੋ ਅਜਿਹਾ ਬਿਆਨ ਜਾਂ ਘੋਸ਼ਣਾ ਕਰਦਾ ਹੈ ਜੋ ਗਲਤ ਹੈ ਜਾਂ ਜਿਸ ਦੇ ਗਲਤ ਹੋਣ ਬਾਰੇ ਉਹ ਜਾਣਦਾ ਜਾਂ ਵਿਸ਼ਵਾਸ ਕਰਦਾ ਹੈ ਜਾਂ ਜਿਸਦੇ ਸੱਚ ਹੋਦ ਦਾ ਵਿਸ਼ਵਾਸ ਨਹੀਂ ਹੈ, ਉਹ ਲੋਕ ਪ੍ਰਤੀਨਿਧਤਾ ਐਕਟ 1950 (1950 ਦਾ 43) ਦੀ ਧਾਰਾ 31 ਅਧੀਨ ਦੰਡ ਯੋਗ ਹੈ।

ਅਣਉੱਚਿਤ ਵਿਕਲਪ ਕੱਟ ਦਿਓ।

ਕੀਤੀ ਗਈ ਕਾਰਵਾਈ ਦਾ ਵੇਰਵਾ

(ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੁਆਰਾ ਭਰਿਆ ਜਾਵੇ।)

ਸ੍ਰੀ/ਸ੍ਰੀਮਤੀ/ਕੁਮਾਰੀ............................................................ਦਾ ਵੋਟਰ ਸੂਚੀ ਵਿਚ ਨਾਮ ਸ਼ਾਮਲ ਕਰਨ ਲਈ ਫ਼ਾਰਮ 6 ਵਿਚ ਬਿਨੈ-ਪੱਤਰ ਨੂੰ ਸਵੀਕਾਰ ਕਰ ਲਿਆ ਗਿਆ ਹੈ/ਨਾਮੰਨਜ਼ੂਰ ਕਰ ਦਿੱਤਾ ਗਿਆ ਹੈ।

ਸਵੀਕਾਰ ਕਰਨ [ਨਿਯਮ 18/20/26(4) ਦੇ ਅਧੀਨ ਜਾਂ ਉਸਦੇ ਅਨੁਸਾਰ] ਜਾਂ ਨਾਮੰਨਜ਼ੂਰ ਕਰਨ [ਨਿਮ 17/20/26(4) ਦੇ ਅਧੀਨ ਜਾਂ ਉਸਦੇ ਅਨੁਸਾਰ] ਦੇ ਲਈ ਵਿਸਤ੍ਰਿਤ ਕਾਰਣ।

| | | |
|---|---|---|
| ਸਥਾਨ :<br>ਮਿਤੀ : | ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਹਸਤਾਖ਼ਰ | (ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਮੋਹਰ) |

ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਤੋਂ ਬਾਅਦ ਉਸਦੀ ਨਿਰੰਤਰ ਸੋਧ ਦੇ ਦੌਰਾਨ :

ਅਣਉੱਚਿਤ ਵਿਕਲਪ ਕੱਟ ਦਿਓ।

ਖੇਤਰ ਪਦ-ਅਧਿਕਾਰੀ (ਅਰਥਾਤ ਮਤਦਾਨ ਕੇਂਦਰ ਸਤਰ ਦਾ ਪਦ-ਅਧਿਕਾਰੀ, ਸਹਾਇਕ ਅਧਿਕਾਰੀ, ਅਧਿਕਾਰੀ) ਦੀ ਟਿੱਪਣੀ

ਕੀਤੀ ਕਾਰਵਾਈ ਤੋਂ ਜਾਣੂ ਕਰਵਾਉਣ ਲਈ

(ਇਸ ਪੰਨੇ ਦਾ ਸੈਕਸ਼ਨ- ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਵੱਲੋਂ ਪੂਰਾ ਕੀਤਾ ਜਾਣਾ ਹੈ ਅਤੇ ਉਸ ਤੋਂ ਬਾਅਦ ਬਿਨੈਕਾਰ ਵੱਲੋਂ ਸੈਕਸ਼ਨ- ਵਿਚ ਦਿੱਤੇ ਪਤੇ 'ਤੇ ਬਿਨੈਕਾਰ ਨੂੰ ਭੇਜ਼ ਦਿੱਤਾ ਜਾਵੇ।



ਗਣਤੰਤਰ ਦਿਵਸ ਦੇ ਮੌਕੇ ਤੇ ਮਾਣਯੋਗ ਮੁੱਖ ਮੰਤਰੀ ਪੰਜਾਬ
ਕੈਪਟਨ ਅਮਰਿੰਦਰ ਸਿੰਘ ਜੀ ਅਤੇ ਮਹਾਰਾਣੀ ਪਰਨੀਤ ਕੌਰ ਜੀ ਰਾਜ ਪੱਧਰੀ
ਸਮਾਗਮ ਦੌਰਾਨ ਪ੍ਰਿੰ. ਡਾ. ਚਿਰੰਜੀਵ ਕੌਰ ਨੂੰ ਸਨਮਾਨ ਚਿੰਨ ਦਿੰਦਿਆਂ।



ਕਾਲਜ ਦੀ 75ਵੀਂ ਵਰ੍ਹੇਗੰਢ ਦੇ ਮੌਕੇ ਮਹਾਰਾਣੀ ਪਰਨੀਤ ਕੌਰ ਜੀ
ਵਿਦਿਆਰਥਣਾਂ ਨੂੰ ਸੰਬੋਧਿਤ ਕਰਦੇ ਹੋਏ।




ਕਾਲਜ ਦੀ 75ਵੀਂ ਵਰ੍ਹੇਗੰਢ ਦੀ ਲੜੀ ਤਹਿਤ
ਸ਼੍ਰੀਮਤੀ ਅਮ੍ਰਿਤ ਗਿੱਲ IAS (Principal Secretary to CM)
ਬੱਚਿਆਂ ਦੇ ਪ੍ਰੇਰਨਾ ਸ੍ਰੋਤ ਬਣਦੇ ਹੋਏ।




ਮਾਣਯੋਗ (ਡਾ.) ਬੀ.ਐਸ. ਘੁੰਮਣ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ,
ਪਟਿਆਲਾ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਰੋਹ ਮੌਕੇ
ਵਿਦਿਆਰਥਣ ਨੂੰ ਸਨਮਾਨਿਤ ਕਰਦੇ ਹੋਏ।




ਮਾਣਯੋਗ ਸਕੱਤਰ ਸ਼੍ਰੀ ਐਮ.ਪੀ. ਅਰੋੜਾ, ਆਈ.ਏ.ਐਸ. ਸਟਾਫ਼ ਅਤੇ
ਵਿਦਿਆਰਥਣਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ।



ਸਲਾਨਾ ਖੇਡ ਸਮਾਰੋਹ ਦੇ ਮੁੱਖ ਮਹਿਮਾਨ ਸ਼੍ਰੀ ਅੰਕੁਰ ਮਹਿੰਦਰੂ
ਜੁਆਇੰਟ ਕਮਿਸ਼ਨਰ, ਮਿਊਂਸੀਪਲ ਕਾਰਪੋਰੇਸ਼ਨ, ਪਟਿਆਲਾ
ਨਾਲ ਯਾਦਗਾਰੀ ਤਸਵੀਰ



ਲੋਹੜੀ ਦਾ ਪਵਿੱਤਰ ਤਿਉਹਾਰ ਪ੍ਰਿੰਸੀਪਲ, ਸਟਾਫ਼ ਅਤੇ
ਵਿਦਿਆਰਥਣਾਂ ਨੇ ਰਲ ਕੇ ਮਨਾਇਆ।



ਐਨ.ਸੀ.ਸੀ ਕੈਡਿਟ, ਖੇਡ ਸਮਾਗਮ ਦੌਰਾਨ ਮੁੱਖ ਮਹਿਮਾਨ
ਸ਼੍ਰੀ ਗੁਰਦੀਪ ਸਿੰਘ ਬੱਤਰਾ ਜੀ ਨੂੰ ਸਲਾਮੀ ਦਿੰਦੇ ਹੋਏ।




ਵਿਸ਼ਵ ਮਲੇਰੀਆ ਦਿਵਸ ਦੇ ਮੌਕੇ ਤੇ ਪੋਸਟਰ ਮੇਕਿੰਗ ਦੇ ਜੇਤੂ ਵਿਦਿਆਰਥਣਾਂ
ਨਾਲ ਡਾ. ਹਰੀਸ਼ ਮਲਹੋਤਰਾ, ਸਿਵਲ ਸਰਜਨ, ਪਟਿਆਲਾ
ਅਤੇ ਉਹਨਾਂ ਦੀ ਟੀਮ, ਪ੍ਰਿੰ. ਡਾ. ਚਿਰੰਜੀਵ ਕੌਰ ਅਤੇ ਕੌਂਸਲ।



ਸਲਾਨਾ ਇਨਾਮ ਵੰਡ ਸਮਾਰੋਹ ਸਮੇਂ ਕਾਲਜ ਦੀਆਂ ਵਿਦਿਆਰਥਣਾਂ
ਗਿੱਧਾ ਪੇਸ਼ ਕਰਦੀਆਂ ਹੋਈਆਂ।



26 ਨਵੰਬਰ 2017 ਨੂੰ ਐਨ.ਐਸ.ਐਸ, ਐਨ.ਸੀ.ਸੀ, ਰੈੱਡ ਰਿਬਨ ਕਲੱਬ ਅਤੇ
ਸਰੀਰਕ ਸਿੱਖਿਆ ਵਿਭਾਗ ਵੱਲੋਂ ਖੂਨਦਾਨ ਕੈਂਪ ਲਗਾਇਆ ਗਿਆ।



ਸਲਾਨਾ ਖੇਡ ਸਮਾਰੋਹ ਸਮੇਂ ਵਿਦਿਆਰਥਣ ਲੰਬੀ ਛਾਲ ਲਗਾਉਂਦੀ ਹੋਈ।




"ਬੇਟੀ ਬਚਾਓ, ਬੇਟੀ ਪੜ੍ਹਾਓ" ਹਫਤੇ ਦੌਰਾਨ ਬੱਚਿਆਂ ਅਤੇ ਔਰਤਾਂ ਦੇ ਵਿਕਾਸ ਸੰਬੰਧੀ ਨਵ-ਭਾਰਤ ਦੀਆਂ ਬੇਟੀਆਂ ਨਾਲ ਸੰਬੰਧਤ ਸੈਮੀਨਾਰ ਕਰਵਾਇਆ ਗਿਆ।




ਰੈੱਡ ਰਿਬਨ ਕਲੱਬ ਅਤੇ NSS ਵਲੰਟੀਅਰਜ਼, ਵਿਸ਼ਵ ਏਡਜ਼ ਦਿਵਸ ਦੇ ਮੌਕੇ ਚੇਤਨਾ ਰੈਲੀ ਕੱਢਦੇ ਹੋਏ।



Youth Empowerment ਦਿਵਸ ਦੇ ਮੌਕੇ ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਕਮਲੇਸ਼ ਮਹਿੰਦਰੂ, ਨਸ਼ਾ ਵਿਰੋਧੀ ਮੁਹਿੰਮ ਅਧੀਨ ਬਣਾਏ ਗਏ ਪੋਸਟਰਾਂ ਦਾ ਨਿਰੀਖਣ ਕਰਦੇ ਹੋਏ।




ਪ੍ਰਸਾਰ ਭਾਰਤੀ, ਆਡ ਇੰਡੀਆ ਰੇਡਿਓ, ਡਾਇਰੈਕਟਰ, ਸ. ਅਮਰਜੀਤ ਸਿੰਘ ਵੜੈਚ, ਕਾਲਜ ਵਿਦਿਆਰਥਣਾਂ ਨੂੰ ਰੇਡਿਓ ਸਟੇਸ਼ਨ ਦੀ ਵਰਕਿੰਗ ਬਾਰੇ ਦੱਸਦੇ ਹੋਏ ਅਤੇ ਨਾਲ ਖੜੋਤੇ ਪ੍ਰੋ. ਨੀਤਾ ਮੈਨਰੋ




ਖੇਤਰੀ ਸਰਸ ਮੇਲਾ, ਸ਼ੀਸ਼ ਮਹਿਲ, ਪਟਿਆਲਾ ਵਿਖੇ ਕਾਲਜ ਦੀਆਂ ਵਿਦਿਆਰਥਣਾਂ ਲੋਕ ਨਾਚ 'ਸੰਮੀ' ਪੇਸ਼ ਕਰਦੀਆਂ ਹੋਈਆਂ।




ਕਾਲਜ ਦੇ NSS ਵਲੰਟੀਅਰ "ਸਵੱਛ ਭਾਰਤ ਮਿਸ਼ਨ" ਅਧੀਨ ਪਿੰਡ ਖੇੜੀ ਗੁਜਰਾਂ ਵਿਖੇ ਰੈਲੀ ਕੱਢਦੇ ਹੋਏ।

Rs. 50/-



Leonard Printers, Patiala 98159-05466